ਗੁਪਤ

# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਸ਼ੁੱਕਰਵਾਰ, ਮਿਤੀ 11 ਮਾਰਚ, 2011 ਨੂੰ 11.30 ਵਜੇ ਸਵੇਰੇ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਰੂਮ (ਸੈਨੇਟ ਹਾਲ ਬਿਲਡਿੰਗ) ਵਿਖੇ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ।

ਹਾਜ਼ਰ:

1. ਡਾ. ਏ.ਐਸ. ਬਰਾੜ . . . (ਸਭਾਪਤੀ)
   ਵਾਈਸ-ਚਾਂਸਲਰ
2. ਡਾ. ਸੁਰਿੰਦਰ ਸਿੰਘ
   ਡੀਨ, ਅਕਾਦਮਿਕ ਮਾਮਲੇ
3. ਡਾ. ਬਰਕਤ ਅਲੀ,
   ਡੀਨ, ਲੈਂਗੂਏਜ਼ਿਜ ਫੈਕਲਟੀ
4. ਡਾ. ਰਜਿੰਦਰਜੀਤ ਕੌਰ,
   ਡੀਨ, ਲਾਅ ਫੈਕਲਟੀ
5. ਡਾ. ਜੇ.ਐਸ. ਬੱਲ,
   ਡੀਨ, ਐਗਰੀਕਲਚਰਲ ਤੇ ਫੋਰੈਸਟਰੀ ਫੈਕਲਟੀ
6. ਡਾ. ਪਰਮਿੰਦਰ ਸਿੰਘ,
   ਪ੍ਰੋਫੈਸਰ ਅਤੇ ਮੁਖੀ, ਅੰਗਰੇਜੀ ਵਿਭਾਗ
7. ਡਾ. ਤੇਜਿੰਦਰ ਕੌਰ ਮਾਨ,
   ਪ੍ਰੋਫੈਸਰ ਅਤੇ ਮੁਖੀ, ਪੰਜਾਬੀ ਵਿਭਾਗ, ਰਿਜਨਲ ਕੈਂਪਸ, ਜਲੰਧਰ
8. ਸ੍ਰੀਮਤੀ ਕਰਮਜੀਤ ਚੌਧਰੀ,
   ਪ੍ਰਿੰਸੀਪਲ, ਗੋਰਮਿੰਟ ਆਰਟਸ ਐਂਡ ਸਪੋਰਟਸ ਕਾਲਜ, ਜਲੰਧਰ
9. ਸ੍ਰੀਮਤੀ ਰਘਬੀਰ ਕੌਰ,
   ਪ੍ਰਿੰਸੀਪਲ, ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਮੈਮੋਰੀਅਲ ਕਾਲਜ ਫਾਰ ਵੂਮੈਨ, ਰਈਆ
10. ਡਾ. ਐਸ.ਐਸ. ਜੌਹਲ, ਲੁਧਿਆਣਾ
11. ਡਾ. ਦਿਨੇਸ ਸ਼ਰਮਾ,
    ਪ੍ਰਿੰਸੀਪਲ, ਏ.ਬੀ. ਕਾਲਜ, ਪਠਾਨਕੋਟ
12. ਡਾ. ਇੰਦਰਜੀਤ ਸਿੰਘ . . . (ਸਕੱਤਰ)
    ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਵਾਈਸ-ਚਾਂਸਲਰ ਸਾਹਿਬ ਨੇ ਸਿੰਡੀਕੇਟ ਦੇ ਮੈਂਬਰ ਡਾ. ਸੁਖਦੇਵ ਸਿੰਘ, ਵੱਲੋਂ ਉਨ੍ਹਾਂ ਨੂੰ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ।

ਵਾਈਸ-ਚਾਂਸਲਰ ਸਾਹਿਬ ਨੇ ਦੱਸਿਆ ਕਿ ਡਾ. ਜੇ.ਐਸ. ਬੱਲ ਦੀ ਸਿੰਡੀਕੇਟ ਦੇ ਨਵੇਂ ਮੈਂਬਰ ਵਜੋਂ ਨਿਯੁਕਤੀ ਹੋਈ ਹੈ। ਉਨ੍ਹਾਂ ਡਾ. ਜੇ.ਐਸ. ਬੱਲ ਨੂੰ ਸਿੰਡੀਕੇਟ ਦੀ ਇੱਕਤਰਤਾ ਵਿਚ ਪਹਿਲੀ ਵਾਰ ਸ਼ਾਮਲ ਹੋਣ ਲਈ 'ਜੀ ਆਇਆਂ' ਆਖਿਆ ਅਤੇ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਪੂਰਨ ਸਹਿਯੋਗ ਦੇਂਦੇ ਰਹਿਣਗੇ।

ਉਪਰੰਤ ਏਜੰਡੇ ਤੇ ਕਾਰਵਾਈ ਸ਼ੁਰੂ ਹੋਈ।

**ਸਿੰਡੀਕੇਟ ਦੀ ਇੱਕਤਰਤਾ ਮਿਤੀ 25.1.2011 ਦੀ ਕਾਰਵਾਈ ਦੀ ਸੋਧਾਂ/ਵਾਧੇ ਸਹਿਤ ਪੁਸ਼ਟੀ।**

1. ਮਿਤੀ 25.1.2011 ਨੂੰ ਹੋਈ ਸਿੰਡੀਕੇਟ ਦੀ ਇੱਕਤਰਤਾ ਦੀ ਕਾਰਵਾਈ ਦੀ ਪੁਸ਼ਟੀ ਕਰਨ ਤੇ ਵਿਚਾਰ ਹੋਈ।

**ਪਾਸ ਹੋਇਆ** ਕਿ ਮਿਤੀ 25.1.2011 ਨੂੰ ਹੋਈ ਸਿੰਡੀਕੇਟ ਦੀ ਇੱਕਤਰਤਾ ਦੀ ਕਾਰਵਾਈ ਦੀ ਪੁਸ਼ਟੀ ਪੈਰਾ 3,8 ਅਤੇ 37 ਵਿਚ ਹੇਠ ਲਿਖੀਆਂ ਸੋਧਾਂ/ਵਾਧੇ ਸਹਿਤ ਕੀਤੀ ਜਾਂਦੀ ਹੈ:-

## ਪੈਰਾ 3

ਮੱਦ ਵਾਪਸ ਲਈ ਗਈ।

## ਪੈਰਾ 8

ਇਹ ਵੀ **ਪਾਸ ਹੋਇਆ** ਕਿ ਸ੍ਰੀ ਹਰਪ੍ਰਭਜੋਤ ਸਿੰਘ ਨੂੰ ਤਨਖਾਹ ਦੀ ਅਦਾਇਗੀ ਅਮਲਗਾਮੇਟਿਡ ਫੰਡ ਵਿਚੋਂ ਕੀਤੀ ਜਾਵੇਗੀ।

## ਪੈਰਾ 37

| ਵਰਤਮਾਨ ਨਿਰਣਾ | ਸੋਧਿਆ ਨਿਰਣਾ |
|---|---|
| **ਪਾਸ ਹੋਇਆ** ਕਿ ................. ............................ਪੜਤਾਲੀਆ ਅਫਸਰ ਦੀ ਰਿਪੋਰਟ (**ਅੰਤਿਕਾ**-II) ਪਰਵਾਨ ਕੀਤੀ ਜਾਂਦੀ ਹੈ। | **ਪਾਸ ਹੋਇਆ** ਕਿ .............. ............................ਪੜਤਾਲੀਆ ਅਫਸਰ ਦੀ ਰਿਪੋਰਟ (**ਅੰਤਿਕਾ**-II) ਅੰਸ਼ਿਕ ਤੌਰ ਤੇ ਪਰਵਾਨ ਕੀਤੀ ਜਾਂਦੀ ਹੈ।<br>ਇਹ ਵੀ **ਪਾਸ ਹੋਇਆ** ਕਿ ਡਾ. ਰਜਨੀ ਵਰਮਾ, ਮੁਖੀ ਲਾਅ ਵਿਭਾਗ, ਰਿਜਨਲ ਕੈਂਪਸ, ਜਲੰਧਰ ਦੀ ਪਿਛਲੀ ਸੇਵਾ ਨੂੰ ਮੁੱਖ ਰੱਖਦਿਆਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਭਵਿੱਖ ਵਿਚ ਇਕ ਆਦਰਸ਼ ਅਧਿਆਪਕ ਦੀ ਤਰ੍ਹਾਂ ਆਪਣੇ ਵਿਵਹਾਰ ਨੂੰ ਸੁਧਾਰੇਗੀ।<br>ਇਹ ਵੀ **ਪਾਸ ਹੋਇਆ** ਕਿ ਉਸ ਨੂੰ ਯੂਨੀਵਰਸਿਟੀ ਦੇ ਕਿਸੇ ਵੀ Administrative and remunerative work ਤੋਂ debar ਕੀਤਾ ਜਾਂਦਾ ਹੈ ਅਤੇ ਉਸ ਨੂੰ ਕੋਈ ਵੀ ਉਚੇਰੀ ਜਿੰਮੇਵਾਰੀ ਨਹੀਂ ਸੌਂਪੀ ਜਾਵੇਗੀ। ਇਸ ਸਬੰਧੀ ਉਸ ਦੀ Service book ਵਿਚ ਇੰਦਰਾਜ਼ ਕੀਤਾ ਜਾਵੇ। ਉਸ ਦਾ ਮੁਅੱਤਲੀ ਸਮਾਂ (Suspension period) ਕਿਸੇ ਵੀ ਮੰਤਵ ਲਈ (for all intents and purposes) ਡਿਊਟੀ ਸਮਾਂ ਨਹੀਂ ਗਿਣਿਆ ਜਾਵੇਗਾ। ਉਸ ਨੂੰ ਉਕਤ ਅਨੁਸਾਰ ਯੂਨੀਵਰਸਿਟੀ ਸੇਵਾ ਤੇ ਤੁਰੰਤ ਬਹਾਲ (re-instate) ਕੀਤਾ ਜਾਂਦਾ ਹੈ। |

**ਸਿੰਡੀਕੇਟ ਦੀ ਇਕੱਤਰਤਾ ਮਿਤੀ 25.1.2011 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।**

2. ਮਿਤੀ 25.1.2011 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ 'ਤੇ ਕੀਤੀ ਕਾਰਵਾਈ **ਅੰਤਿਕਾ** ਅਨੁਸਾਰ ਨੋਟ ਕੀਤੀ ਗਈ ।

**ਵਿਤੀ ਸਾਲ 2011-12 ਦੇ ਬੱਜਟ ਅਨੁਮਾਨਾਂ, ਆਮਦਨ ਅਤੇ ਖਰਚੇ ਆਦਿ ਸਹਿਤ ਵਿਤ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।**

3. ਵਿਤੀ ਸਾਲ 2011-12 ਦੇ ਬੱਜਟ ਅਨੁਮਾਨਾਂ, ਆਮਦਨ ਅਤੇ ਖਰਚੇ ਆਦਿ ਸਹਿਤ ਵਿਤ ਕਮੇਟੀ ਦੀਆਂ ਮਿਤੀ 26.2.2011 ਦੀਆਂ ਸਿਫਾਰਸ਼ਾਂ **ਅੰਤਿਕਾਵਾਂ** ਅਨੁਸਾਰ ਉੱਤੇ ਵਿਚਾਰ ਹੋਈ।

ਰਜਿਸਟਰਾਰ ਸਾਹਿਬ ਨੇ ਵਿਤੀ ਸਾਲ 2011-12 ਦੇ ਬਜਟ ਅਨੁਮਾਨ ਸਬੰਧੀ ਵੇਰਵਾ ਦਿੱਤਾ। ਇਸ ਸਬੰਧੀ ਮੈਂਬਰ ਸਾਹਿਬਾਨ ਨੂੰ ਹੇਠ ਲਿਖੇ ਅਨੁਸਾਰ ਨੋਟ ਪੇਸ਼ ਕੀਤਾ ਗਿਆ:-

ਸਾਲ 2010-11 ਦਾ ਲੇਖਾ ਜੋਖਾ

ਸਾਲ 2010-11 ਦਾ ਬਜਟ 27 ਕਰੋੜ 42 ਲੱਖ 77 ਹਜ਼ਾਰ ਰੁਪਏ ਦੀ ਮੁਢਲੀ ਬਕਾਇਆ ਨਾਲ ਸ਼ੁਰੂ ਕੀਤਾ ਗਿਆ ਸੀ , ਜਦਕਿ ਇਸੇ ਸਾਲ ਦੇ ਸੋਧੇ ਬਜਟ ਅਨੁਮਾਨ ਵਿਚ 32 ਕਰੋੜ 75 ਲੱਖ 48 ਹਜ਼ਾਰ ਰੁਪਏ ਦਾ ਮੁਢਲੀ ਬਕਾਇਆ ਦਰਸਾਇਆ ਗਿਆ ਹੈ। 192 ਕਰੋੜ 85 ਲੱਖ 46 ਹਜ਼ਾਰ ਰੁਪਏ ਦੇ ਖਰਚ ਅਨੁਮਾਨ ਨੂੰ ਘਟਾ ਕੇ 138 ਕਰੋੜ 21 ਲੱਖ 6 ਹਜ਼ਾਰ ਰੁਪਏ ਕਰ ਦਿੱਤਾ ਗਿਆ ਹੈ, ਤਾਂ ਜੋ ਅਗਲੇ ਸਾਲ ਦੇ ਵਧੇ ਹੋਏ ਖਰਚਿਆਂ ਦੀ ਪੂਰਤੀ ਲਈ ਵੱਧ ਤੋਂ ਵੱਧ ਰਾਸ਼ੀ ਉਪਲੱਬਧ ਹੋ ਸਕੇ । ਇਸ ਸਾਲ ਪੰਜਾਬ ਸਰਕਾਰ ਵੱਲੋਂ ਬਤੌਰ ਮੇਨਟੀਨੈਂਸ ਗ੍ਰਾਂਟ 23 ਕਰੋੜ 69 ਲੱਖ 90 ਹਜ਼ਾਰ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਵੇਗੀ। ਯੂਨੀਵਰਸਿਟੀ ਦੇ ਆਪਣੇ ਵਸੀਲਿਆਂ ਤੋਂ ਪ੍ਰਾਪਤ ਹੋਣ ਵਾਲੀ ਆਮਦਨ 72 ਕਰੋੜ 57 ਲੱਖ 44 ਹਜ਼ਾਰ ਰੁਪਏ ਦਾ ਅੰਦਾਜਾ ਲਗਾਇਆ ਗਿਆ ਸੀ, ਜਦਕਿ ਸੋਧੇ ਅਨੁਮਾਨਾਂ ਵਿਚ ਪ੍ਰਾਪਤ ਹੋਣ ਵਾਲੀ ਆਮਦਨ 105 ਕਰੋੜ 47 ਲੱਖ 6 ਹਜ਼ਾਰ ਰੁਪਏ ਹੋਣ ਦੀ ਆਸ ਹੈ। ਇਸ ਤਰ੍ਹਾਂ ਸਾਲ 2010-11 ਦੌਰਾਨ ਖਰਚੇ ਵਿਚ ਤਕਰੀਬਨ 54 ਕਰੋੜ ਰੁਪਏ ਦੀ ਕਮੀ ਕੀਤੀ ਗਈ ਹੈ, ਜਦਕਿ ਆਮਦਨ ਤਕਰੀਬਨ 33 ਕਰੋੜ ਰੁਪਏ ਦਾ ਵਾਧਾ ਕਰਦਿਆਂ ਹੋਇਆਂ ਸਾਲ 2010-11 ਦੇ ਬਜਟ ਦਾ ਅੰਤ 25 ਕਰੋੜ 19 ਲੱਖ 87 ਹਜ਼ਾਰ ਰੁਪਏ ਦੀ ਵਾਫ਼ਰ ਰਕਮ ਨਾਲ ਕੀਤਾ ਗਿਆ ਹੈ।

ਸਾਲ 2011-12 ਦੇ ਬਜਟ ਅਨੁਮਾਨ

ਸਾਲ 2011-12 ਦੇ ਬਜਟ 25 ਕਰੋੜ 19 ਲੱਖ 87 ਹਜ਼ਾਰ ਰੁਪਏ ਦੀ ਵਾਫਰ ਰਕਮ ਨਾਲ ਸ਼ੁਰੂ ਹੁੰਦਾ ਹੈ। ਤਨਖਾਹ ਕਮੀਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਹੋਣ ਕਰਕੇ ਸੈਲਰੀ ਦਾ ਸਾਰਾ ਖਰਚਾ 97 ਕਰੋੜ ਰੁਪਏ ਤੋਂ ਵੱਧ ਕੇ ਤਕਰੀਬਨ 112 ਕਰੋੜ ਰੁਪਏ ਸਲਾਨਾ ਹੋ ਗਿਆ ਹੈ। ਇਸ ਤੋਂ ਇਲਾਵਾ ਵਧੇ ਹੋਏ ਤਨਖਾਹ ਸਕੇਲ ਦੀ ਬਣਦੇ ਬਕਾਏ ਦੀ ਅਦਾਇਗੀ ਹਿੱਤ ਟੀਚਿੰਗ ਸਟਾਫ ਲਈ 43 ਕਰੋੜ ਰੁਪਏ, ਨਾਨ-ਟੀਚਿੰਗ ਸਟਾਫ ਲਈ 12 ਕਰੋੜ ਰੁਪਏ ਅਤੇ ਮਹਿੰਗਾਈ ਭੱਤੇ ਵਿਚ ਹੋਣ ਵਾਲੇ ਵਾਧੇ ਲਈ 11 ਕਰੋੜ ਰੁਪਏ ਦੀ ਵਿਵਸਥਾ ਬਜਟ ਵਿਚ ਕੀਤੀ ਗਈ ਹੈ। ਕੁਲ ਮਿਲਾ ਕੇ ਖਰਚੇ ਦੀ ਰਕਮ 242 ਕਰੋੜ 58 ਲੱਖ 52 ਹਜ਼ਾਰ ਰੁਪਏ ਹੋਵੇਗੀ। ਆਮਦਨ ਦੇ ਪੱਖੋਂ ਸਰਕਾਰ ਵੱਲੋਂ ਮਿਲਣ ਵਾਲੀ 23 ਕਰੋੜ 69 ਲੱਖ 90 ਹਜ਼ਾਰ ਰੁਪਏ ਦੀ ਮੇਨਟੀਨੈਂਸ ਗ੍ਰਾਂਟ ਅਤੇ 43 ਕਰੋੜ ਰੁਪਏ ਦੀ ਬਕਾਇਆ ਅਦਾਇਗੀ ਲਈ ਜਾਰੀ ਕੀਤੀ ਜਾਣ ਵਾਲੀ ਗ੍ਰਾਂਟ ਅਤੇ ਫ਼ੀਸਾਂ ਆਦਿ ਤੋਂ ਪ੍ਰਾਪਤ ਹੋਣ ਵਾਲੀ 87 ਕਰੋੜ 5 ਲੱਖ 49 ਹਜ਼ਾਰ ਰੁਪਏ ਦੀ ਆਮਦਨ ਨੂੰ ਮਿਲਾ ਕੇ ਕੁਲ ਆਮਦਨ 153 ਕਰੋੜ 75 ਲੱਖ 39 ਹਜ਼ਾਰ ਰੁਪਏ ਹੋਣ ਦਾ ਅਨੁਮਾਨ ਹੈ। ਇਸ ਤਰ੍ਹਾਂ ਸਾਲ 2011-12 ਦਾ ਬਜਟ 63 ਕਰੋੜ 63 ਲੱਖ 26

ਹਜ਼ਾਰ ਰੁਪਏ ਦੇ ਘਾਟੇ ਨਾਲ ਹੋਣ ਦਾ ਅਨੁਮਾਨ ਹੈ। ਇਸ ਘਾਟੇ ਦੀ ਪੂਰਤੀ ਹਿਤ ਅਤੇ ਵਿਦਿਆਰਥੀਆਂ ਦੀ ਮੰਗ ਨੂੰ ਸਾਹਮਣੇ ਰੱਖਦਿਆਂ ਹੋਇਆ ਕੁਝ ਪ੍ਰੋਫੈਸ਼ਨਲ ਕੋਰਸਾਂ ਵਿਚ ਸੀਟਾਂ ਦਾ ਵਾਧਾ ਕੀਤਾ ਜਾ ਰਿਹਾ ਹੈ, ਤਾਂ ਜੋ ਆਮਦਨ ਅਤੇ ਖਰਚੇ ਦੀ ਰਕਮ ਵਿਚ ਤਾਲਮੇਲ ਬਿਠਾਇਆ ਜਾ ਸਕੇ।

ਸਾਲ 2011-12 ਦੇ ਬਜਟ ਅਨੁਮਾਨ ਦੀ ਕੁਲ 242 ਕਰੋੜ 58 ਲੱਖ 52 ਹਜ਼ਾਰ ਰੁਪਏ ਦੀ ਰਾਸ਼ੀ ਵਿਚੋਂ ਕੀਤੇ ਜਾਣ ਵਾਲੇ ਖਰਚ ਦਾ ਪ੍ਰਤੀਸ਼ਤ ਇਸ ਤਰ੍ਹਾਂ ਹੋਵੇਗਾ:

| | |
|---|---|
| 1) ਅਧਿਆਪਨ, ਅਲਾਈਡ ਅਧਿਆਪਨ, ਖੋਜ ਅਤੇ ਸਿਖਿਆ ਦਾ ਸੁਧਾਰ | 56.61% |
| 2) ਨਾਨ-ਟੀਚਿੰਗ ਵਿਭਾਗ (ਹੋਸਟਲ, ਪਬਲੀਕੇਸ਼ਨ, ਅਸਟੇਟ, ਉਸਾਰੀ, ਐਨ.ਐਸ.ਐਸ., ਲੈਂਡਸਕੇਪ, ਗੈਸਟ ਹਾਊਸ, ਲੋਕ ਸੰਪਰਕ, ਸਿਹਤ ਕੇਂਦਰ) | 9.41% |
| 3) ਜਨਰਲ ਐਡਮਿਨਿਸਟਰੇਸ਼ਨ | 16.73% |
| 4) ਪ੍ਰੀਖਿਆਵਾਂ ਦਾ ਸੰਚਾਲਨ | 3.26% |
| 5) ਆਮ ਮੱਦਾਂ (ਟੀਚਿੰਗ ਅਤੇ ਨਾਨ-ਟੀਚਿੰਗ) (ਸੇਵਾ-ਮੁਕਤੀ ਲਾਭ, ਵਹੀਕਲਜ਼, ਪ੍ਰਿੰਟਿੰਗ, ਲੀਗਲ ਖਰਚੇ, ਪੀ.ਏ.ਬੀ.ਐਕਸ, ਐਡਵਰਟਾਈਜ਼ਮੈਂਟ, ਇਨਸ਼ੋਰੈਂਸ, ਵਿਭਾਗਾਂ ਦਾ ਅਧੁਨੀਕਰਨ, ਗ੍ਰੈਚੂਅਟੀ, ਲੀਵ ਐਨਕੈਸ਼ਮੈਂਟ,ਐਲ.ਟੀ.ਸੀ.) | 12.34% |
| 6) ਇਮਾਰਤਾਂ ਦੀ ਉਸਾਰੀ | 1.65% |

ਸਾਲ 2010-11 ਦੌਰਾਨ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਦੀ ਆਰਥਿਕ ਮਦਦ ਲਈ 2 ਕਰੋੜ ਰੁਪਏ ਦੀ ਫੀਸ ਰਿਫੰਡ ਕੀਤੀ ਗਈ ਹੈ ਜਾਂ ਕਨਸੈਸ਼ਨ ਵਜੋਂ ਦਿੱਤੇ ਗਏ ਹਨ। ਇਸ ਤੋਂ ਇਲਾਵਾ ਸਕਾਲਰਸ਼ਿਪ ਵਜੋਂ ਅਤੇ ਅਪਾਹਿਜ ਵਿਦਿਆਰਥੀਆਂ ਦੀ ਮਦਦ ਹਿੱਤ 3 ਲੱਖ ਰੁਪਏ ਦੀ ਰਾਸ਼ੀ ਰਲੀਜ਼ ਕੀਤੀ ਜਾ ਚੁੱਕੀ ਹੈ। ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੀ ਅਦਾਇਗੀ ਕਰਵਾਉਣ ਲਈ 2 ਕਰੋੜ 26 ਲੱਖ ਰੁਪਏ ਦੀ ਰਕਮ ਦੇ ਕਲੇਮ ਪੰਜਾਬ ਸਰਕਾਰ ਨੂੰ ਭੇਜੇ ਜਾ ਚੁੱਕੇ ਹਨ। ਕਾਲਜ ਵਿਦਿਆਰਥੀਆਂ ਨੂੰ ਸਪੋਰਟਸ ਅਤੇ ਕਲਚਰਲ ਗਤੀਵਿਧੀਆਂ ਵਿਚ ਵੱਧ ਤੋਂ ਵੱਧ ਭਾਗ ਲੈਣ ਲਈ ਉਤਸ਼ਾਹਿਤ ਕਰਨ ਲਈ ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਦੌਰਾਨ ਵੀ ਵੱਧ ਤੋਂ ਵੱਧ ਯੁਵਕ ਮੇਲੇ ਅਤੇ ਖੇਡ ਮੁਕਾਬਲੇ ਆਯੋਜਿਤ ਕਰਕੇ ਵਿਦਿਆਰਥੀਆਂ ਨੂੰ ਸ਼ੀਲਡ ਅਤੇ ਬਲੇਜ਼ਰ ਆਦਿ ਤੋਂ ਇਲਾਵਾ ਨਕਦ ਪੁਰਸਕਾਰ ਵੀ ਦਿੱਤੇ ਜਾਣਗੇ। ਇਸ ਤੋਂ ਛੁੱਟ ਤਕਰੀਬਨ ਹਰੇਕ ਵਿਭਾਗ ਵੱਲੋਂ ਵਿਦਿਆਰਥੀਆਂ ਲਈ ਵਿਦਿਅਕ ਟੂਰ ਕਰਵਾਏ ਜਾਣ ਦੇ ਨਾਲ ਨਾਲ ਸਮੇਂ ਸਮੇਂ ਤੇ ਸੈਮੀਨਾਰ ਅਤੇ ਕਾਨਫ੍ਰੰਸਾਂ ਦਾ ਆਯੋਜਨ ਕਰਕੇ ਦੂਰ ਦੂਰ ਤੋਂ, ਇਥੋਂ ਤੱਕ ਕਿ ਵਿਦੇਸ਼ਾਂ ਤੋਂ ਵੀ ਸਬਧੰਤ ਵਿਸ਼ੇ ਦੇ ਵਿਦਿਅਕ ਮਾਹਿਰ ਬੁਲਾ ਕੇ ਵਿਦਿਆਰਥੀਆਂ ਨੂੰ ਇਨ੍ਹਾਂ ਮਾਹਿਰਾਂ ਨਾਲ ਆਪਣੇ ਵਿਚਾਰ ਸਾਂਝੇ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ। ਵਿਦਿਆਰਥੀਆਂ ਨੂੰ ਰਿਸਰਚ ਨਾਲ ਜੋੜਨ ਹਿੱਤ ਹਰ ਸਾਲ 50 ਰਿਸਰਚ ਸਕਾਲਰਾਂ ਦੀ ਨਿਯੁਕਤੀ ਕੀਤੀ ਜਾਵੇਗੀ। ਹਰੇਕ ਸਕਾਲਰ ਨੂੰ 5 ਹਜ਼ਾਰ ਰੁਪਏ ਪ੍ਰਤੀ ਮਹੀਨਾ ਵਜ਼ੀਫਾ ਦਿੱਤਾ ਜਾਵੇਗਾ। ਰਿਸਰਚ ਦੇ ਕੰਮ ਵਿਚ ਨਿਪੁੰਨਤਾ ਲਿਆਉਣ ਦੇ ਮੰਤਵ ਨਾਲ ਯੂਨੀਵਰਸਿਟੀ ਫੰਡਾਂ ਵਿਚੋਂ 3 ਕਰੋੜ 60 ਲੱਖ ਰੁਪਏ ਦੀ ਲਾਗਤ ਨਾਲ ਇਕਵਿਪਮੈਂਟਸ ਦੀ ਖਰੀਦ ਕੀਤੀ ਗਈ ਹੈ।

ਇਸ ਖੇਤਰ ਦੇ ਵਿਦਿਆਰਥੀਆਂ ਦੀ ਜਰੂਰਤ ਨੂੰ ਸਾਹਮਣੇ ਰੱਖਦਿਆ ਹੋਇਆਂ ਯੂਨੀਵਰਸਿਟੀ ਵਿਚ ਡੇੜ ਕਰੋੜ ਰੁਪਏ ਦੀ ਲਾਗਤ ਨਾਲ ਵੈਲੋਡਰੋਮ ਦੀ

ਉਸਾਰੀ ਕਰਨ ਉਪਰੰਤ ਟੂਰਨਾਮੈਂਟ ਕਰਵਾਏ ਗਏ ਹਨ। ਸ਼ਾਮਲ ਹੋਣ ਵਾਲੇ ਹਰੇਕ ਸਪੋਰਟਸ ਅਧਿਕਾਰੀ ਨੇ ਵੈਲੋਡਰੋਮ ਦੀ ਪ੍ਰਸ਼ੰਸਾ ਕੀਤੀ ਹੈ। ਉਸਾਰੀ ਦੀਆਂ ਹੋਰ ਗਤੀਵਿਧੀਆਂ ਵਿਚ ਸ਼ਾਮਲ ਹੈ: 128 ਕਮਰਿਆਂ ਦਾ ਬੁਆਏਜ ਹੋਸਟਲ, 98 ਕਮਰਿਆਂ ਦਾ ਗਰਲਜ਼ ਹੋਸਟਲ, ਕੈਮਿਸਟਰੀ ਅਤੇ ਫਿਜਿਕਸ ਵਿਭਾਗ ਦਾ ਇਕ ਬਲਾਕ, ਮਹਾਰਾਜਾ ਰਣਜੀਤ ਸਿੰਘ ਭਵਨ ਵਿਚ 8 ਲੈਕਚਰ ਥਿਏਟਰ, ਜਿਸ ਵਿਚ ਅਪਾਹਿਜ ਵਿਅਕਤੀਆਂ ਲਈ ਰੈਂਪ ਦੀ ਸੁਵਿਧਾ ਦਿੱਤੀ ਗਈ ਹੈ। ਅਕਾਦਮਿਕ ਸਟਾਫ ਕਾਲਜ ਦਾ 30 ਕਮਰਿਆਂ ਦਾ ਗੈਸਟ ਹਾਊਸ, ਅਮੈਰਜਿੰਗ ਲਾਈਫ ਸਾਇੰਸਜ਼ ਦਾ

ਪ੍ਰੋਜੈਕਟ, ਰਿਜਨਲ ਕੈਂਪਸ ਜਲੰਧਰ ਦੇ ਆਈ.ਟੀ. ਬਲਾਕ ਦੀ ਚੌਥੀ ਮੰਜਿਲ, ਰਿਜਨਲ ਕੈਂਪਸ ਗੁਰਦਾਸਪੁਰ ਲਈ ਆਧੁਨਿਕ ਟੈਕਨਾਲੋਜੀ ਦਾ ਸੀਵਰੇਜ ਟ੍ਰੀਟਮੈਂਟ ਪਲਾਂਟ, ਮੁਕੰਦਪੁਰ ਕਾਲਜ ਲਈ ਜਿਮਨੇਜ਼ਿਅਮ ਅਤੇ ਬਾਊਂਡਰੀ ਵਾਲ ਦੀ ਉਸਾਰੀ ਤੋਂ ਇਲਾਵਾ ਨਿਆੜੀ ਕਾਲਜ ਵਿਚ ਚਾਰ ਕਲਾਸ ਰੂਮ ਅਤੇ ਇਕ ਲੈਬਾਰਟਰੀ ਦੀ ਉਸਾਰੀ ਦਾ ਕੰਮ ਕੀਤਾ ਜਾ ਰਿਹਾ ਹੈ। ਪਿਛਲੇ ਕਈ ਸਾਲਾਂ ਤੋਂ ਯੂਨੀਵਰਸਿਟੀ ਕਾਲਜ, ਜਲੰਧਰ ਦੀ ਕਿਰਾਏ ਦੀ ਇਮਾਰਤ ਵਿਚ ਕਲਾਸ ਰੂਮ ਅਤੇ ਕਮਰਿਆਂ ਦੀ ਤੰਗੀ ਮਹਿਸੂਸ ਕੀਤੀ ਜਾ ਰਹੀ ਸੀ। ਪੰਜਾਬ ਸਰਕਾਰ ਤੋਂ ਮਿਲੇ ਸਹਿਯੋਗ ਸਦਕਾ ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ ਵਲੋਂ ਖਾਲੀ ਕੀਤੀ ਗਈ ਜਗ੍ਹਾ ਸਮੇਤ ਇਮਾਰਤ ਯੂਨੀਵਰਸਿਟੀ ਕਾਲਜ ਨੂੰ ਮਿਲ ਗਈ ਹੈ ਅਤੇ ਕਾਲਜ ਇਸ ਇਮਾਰਤ ਵਿਚ ਸ਼ਿਫਟ ਕੀਤਾ ਜਾ ਚੁੱਕਾ ਹੈ।

ਪੇਂਡੂ ਇਲਾਕੇ ਦੇ ਨੌਜਵਾਨਾਂ ਤੱਕ ਉਚੇਰੀ ਸਿਖਿਆ ਪਹੁੰਚਾਉਣ ਦੇ ਮੰਤਵ ਨਾਲ ਸਰਕਾਰ ਵੱਲੋਂ ਤਹਿ ਕੀਤੀ ਨੀਤੀ ਅਨੁਸਾਰ ਇਸ ਯੂਨੀਵਰਸਿਟੀ ਨੂੰ 4 ਕਾਲਜ (ਵੇਰਕਾ ਜ਼ਿਲਾ ਅੰਮ੍ਰਿਤਸਰ, ਚੁੰਘ ਜ਼ਿਲਾ ਤਰਨ ਤਾਰਨ, ਨਰੋਟ ਜੈਮਲ ਸਿੰਘ ਜ਼ਿਲਾ ਗੁਰਦਾਸਪੁਰ, ਮਿੱਠੜਾ ਜ਼ਿਲਾ ਕਪੂਰਥਲਾ) ਅਲਾਟ ਕੀਤੇ ਗਏ ਹਨ, ਜਿਨ੍ਹਾਂ ਵਿਚੋਂ ਮਿੱਠੜਾ ਕਾਲਜ ਵਿਖੇ 2010 ਦੇ ਸੈਸ਼ਨ ਤੋਂ ਕਲਾਸਾਂ ਸ਼ੁਰੂ ਕਰ ਦਿੱਤੀਆਂ ਗਈਆ ਹਨ, ਜਦਕਿ ਬਾਕੀ ਤਿੰਨ ਕਾਲਜਾਂ ਵਿਖੇ 2011-12 ਦੇ ਸੈਸ਼ਨ ਤੋਂ ਕਲਾਸਾਂ ਸ਼ੁਰੂ ਹੋ ਜਾਣਗੀਆਂ। ਇਨ੍ਹਾਂ ਕਾਲਜਾਂ ਲਈ ਸਰਕਾਰ ਵੱਲੋਂ 1 ਕਰੋੜ 50 ਲੱਖ ਰੁਪਏ ਪ੍ਰਤੀ ਕਾਲਜ, ਪ੍ਰਤੀ ਸਾਲ ਦੇ ਹਿਸਾਬ ਨਾਲ ਗ੍ਰਾਂਟ ਰਲੀਜ ਕੀਤੀ ਜਾਵੇਗੀ। ਮਿਠੜਾ ਕਾਲਜ ਲਈ 95 ਲੱਖ 72 ਹਜਾਰ ਰੁਪਏ ਦੀ ਗ੍ਰਾਂਟ ਵਸੂਲ ਹੋ ਚੁੱਕੀ ਹੈ। ਇਸ ਤੋਂ ਛੁੱਟ ਸਠਿਆਲਾ ਅਤੇ ਸੁਲਤਾਨਪੁਰ ਲੋਧੀ ਵਿਖੇ ਦੋ ਰਿਜਨਲ ਕੈਂਪਸ ਵੀ ਸਥਾਪਿਤ ਕੀਤੇ ਜਾ ਰਹੇ ਹਨ। ਇਨ੍ਹਾਂ ਕਾਲਜਾਂ ਅਤੇ ਕੈਂਪਸਾਂ ਲਈ ਜ਼ਮੀਨ ਅਤੇ ਇਮਾਰਤ ਦੀ ਉਸਾਰੀ ਤੇ ਅਕੈਡਮਿਕ ਗਤੀਵਿਧੀਆਂ ਲਈ ਲੋੜੀਂਦੀ ਗ੍ਰਾਂਟ ਸਰਕਾਰ ਵੱਲੋਂ ਰਲੀਜ਼ ਕੀਤੀ ਜਾਵੇਗੀ। ਸਠਿਆਲਾ ਕੈਂਪਸ ਲਈ ਪ੍ਰਵਾਨਿਤ 9 ਕਰੋੜ ਰੁਪਏ ਦੀ ਗ੍ਰਾਂਟ ਵਿਚੋਂ 4 ਕਰੋੜ 50 ਲੱਖ ਰੁਪਏ ਦੀ ਗ੍ਰਾਂਟ ਵਸੂਲ ਹੋ ਚੁੱਕੀ ਹੈ। ਆਸ ਹੈ ਕਿ ਇਨ੍ਹਾਂ ਕਾਲਜਾਂ ਅਤੇ ਕੈਂਪਸਾਂ ਦੀ ਸਥਾਪਨਾ ਨਾਲ ਪੇਂਡੂ ਅਤੇ ਪੱਛੜੇ ਹੋਏ ਇਲਾਕੇ ਦੇ ਨੌਜਵਾਨਾਂ ਖਾਸ ਕਰ ਲੜਕੀਆਂ ਨੂੰ ਪ੍ਰੋਫੈਸ਼ਨਲ ਕੋਰਸਾਂ ਰਾਹੀਂ ਆਤਮ-ਨਿਰਭਰ ਹੋਣ ਵਿਚ ਸਹਾਈ ਹੋਵੇਗਾ।

ਯੂਨੀਵਰਸਿਟੀ ਵੱਲੋਂ ਤਕਰੀਬਨ ਹਰੇਕ ਅਧਿਆਪਕ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਕਿ ਉਹ ਵਿਦਿਆਰਥੀਆਂ ਨੂੰ ਪੜ੍ਹਾਉਣ ਦੇ ਨਾਲ ਨਾਲ ਵਾਧੂ ਸਮੇਂ ਵਿਚ ਰਿਸਰਚ ਦਾ ਕੰਮ ਜ਼ਰੂਰ ਕਰਿਆ ਕਰਨ। ਯੂਨੀਵਰਸਿਟੀ ਵੱਲੋਂ ਅਧਿਆਪਕਾਂ ਨੂੰ ਯੂ.ਜੀ.ਸੀ., ਡੀ.ਐਸ.ਟੀ., ਸੀ.ਐਸ.ਆਈ. ਆਰ., ਆਈ.ਸੀ.ਐਸ.ਐਸ.ਆਰ ਅਤੇ ਹੋਰ ਕੇਂਦਰੀ ਅਦਾਰਿਆਂ ਤੋਂ ਰਿਸਰਚ ਲਈ ਗ੍ਰਾਂਟ ਅਲਾਟ ਕਰਵਾਉਣ ਲਈ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ, ਜਿਸ ਦੀ ਵਜ੍ਹਾ ਨਾਲ ਕੁਲ 17 ਕਰੋੜ ਰੁਪਏ ਦੀ ਲਾਗਤ ਨਾਲ 106 ਰਿਸਰਚ ਪ੍ਰੋਜੈਕਟਾਂ 'ਤੇ ਕੰਮ ਚਲ ਰਿਹਾ ਹੈ।

ਵਿਦਿਅਕ ਅਤੇ ਪ੍ਰਬੰਧਕੀ ਸੁਧਾਰ ਲਈ ਅਤੇ ਲੈਬਾਰਟਰੀਆਂ ਤੇ ਪ੍ਰਬੰਧਕੀ ਦਫ਼ਤਰਾਂ ਨੂੰ ਆਧੁਨੀਕਰਨ ਦੇ ਮੰਤਵ ਨਾਲ ਲਗਭੱਗ 500 ਕੰਪਿਊਟਰਜ਼ ਦੀ ਖਰੀਦ ਕੀਤੀ ਜਾ ਰਹੀ ਹੈ। ਪ੍ਰੀਖਿਆਂਵਾਂ ਨਾਲ ਸਬੰਧਤ ਅਧਿਆਪਕਾਂ ਅਤੇ ਅਮਲੇ ਨੂੰ ਮਾਨ-ਭੱਤੇ ਦੀ ਅਦਾਇਗੀ ਜਲਦੀ ਕਰਾਉਣ ਦੇ ਮੰਤਵ ਨਾਲ ਇਹ ਫੈਸਲਾ ਕੀਤਾ ਗਿਆ ਹੈ ਕਿ ਇਨ੍ਹਾਂ ਦੀ ਅਦਾਇਗੀ ਚੈਕਾਂ ਰਾਹੀਂ ਕਰਨ ਦੀ ਬਜਾਏ ਸਿੱਧੇ ਸਬੰਧਤ ਅਧਿਕਾਰੀਆਂ ਦੇ ਬੈਂਕ ਖਾਤੇ ਵਿਚ ਜਮ੍ਹਾ ਕਰਵਾ ਦਿੱਤੀ ਜਾਵੇ। ਇਸ ਦੇ ਨਾਲ ਹੀ ਇਹ ਯੋਜਨਾ ਵੀ

ਬਣਾਈ ਜਾ ਰਹੀ ਹੈ ਕਿ ਕਾਲਜਾਂ ਨੂੰ ਫੀਸਾਂ ਜਮ੍ਹਾ ਕਰਵਾਉਣ ਲਈ ਯੂਨੀਵਰਸਿਟੀ ਨਾ ਆਉਣਾ ਪਵੇ ਅਤੇ ਸਿੱਧੀ ਬੈਂਕ ਰਾਹੀਂ ਹੀ ਫੀਸਾਂ ਪ੍ਰਾਪਤ ਕਰ ਲਈਆਂ ਜਾਣ। ਯੂਨੀਵਰਸਿਟੀ ਦਾ ਕੈਸ਼ ਵਿਭਾਗ ਜਿੱਥੇ ਪਹਿਲਾਂ ਇਕ ਕੰਟਰੈਕਟਰ ਵੱਲੋਂ ਸੰਭਾਲਿਆ ਜਾ ਰਿਹਾ ਸੀ, ਉਥੇ ਹੁਣ ਇਸ ਵਿਭਾਗ ਦੀ ਜਿੰਮੇਵਾਰੀ ਯੂਨੀਵਰਸਿਟੀ ਕਰਮਚਾਰੀਆਂ ਨੂੰ ਸੌਂਪ ਦਿੱਤੀ ਗਈ ਹੈ। ਸਮੂਹ ਯੂਨੀਵਰਸਿਟੀ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਸੈਲਰੀ ਸਿੱਧੀ ਉਨ੍ਹਾਂ ਦੇ ਬੈਂਕ ਖਾਤਿਆਂ ਵਿਚ ਜਮ੍ਹਾ ਕਰਵਾਈ ਜਾ ਰਹੀ ਹੈ ਅਤੇ ਸੈਲਰੀ ਦਾ ਵੇਰਵਾ ਆਨ-ਲਾਈਨ ਕਰ ਦਿੱਤਾ ਗਿਆ ਹੈ। ਕੈਂਪਸ ਵਿਦਿਆਰਥੀਆਂ ਵੱਲੋਂ ਲਈ ਜਾਣ ਵਾਲੀ ਫੀਸਾਂ ਦਾ ਵੇਰਵਾ ਵੀ ਆਨ-ਲਾਈਨ ਕਰ ਦਿੱਤਾ ਗਿਆ ਹੈ। ਯੂਨੀਵਰਸਿਟੀ ਕੈਂਪਸ ਵਿਚ ਦੂਸਰੇ ਬੈਂਕ ਦੀ ਜ਼ਰੂਰਤ ਪਿਛਲੇ ਕਈ ਸਾਲ ਤੋਂ ਮਹਿਸੂਸ ਕੀਤੀ ਜਾ ਰਹੀ ਸੀ। ਸਟੇਟ ਬੈਂਕ ਆਫ ਪਟਿਆਲਾ ਵੱਲੋਂ ਇਕ ਬ੍ਰਾਂਚ ਖੋਲ ਦਿੱਤੀ ਗਈ ਹੈ, ਜਿਸ ਨਾਲ ਵਿਦਿਆਰਥੀਆਂ ਅਤੇ ਕਰਮਚਾਰੀਆਂ ਨੂੰ ਕਾਫੀ ਸਹੂਲਤ ਹੋਵੇਗੀ। ਪ੍ਰਬੰਧਕੀ ਸੁਧਾਰ ਦੇ ਮੰਤਵ ਨਾਲ ਯੂਨੀਵਰਸਿਟੀ ਵੱਲੋਂ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ ਕਿ ਕਾਗਜ਼ੀ ਕਾਰਵਾਈ ਘੱਟ ਤੋਂ ਘੱਟ ਕੀਤੀ ਜਾਵੇ। ਵਿਦਿਆਰਥੀਆਂ ਦੀ ਰਜਿਸਟਰੇਸ਼ਨ ਦਾ ਕੰਮ ਕੰਪਿਊਟਰ ਤੇ ਲਿਆਂਦਾ ਗਿਆ ਹੈ ਅਤੇ ਹੋਰ ਦੂਸਰੀਆਂ ਪ੍ਰਬੰਧਕੀ ਸ਼ਾਖਾਵਾਂ ਦੇ ਕੰਮ ਨੂੰ ਵੀ ਪੜਾਅਵਾਰ ਕੰਪਿਊਟਰ ਤੇ ਲਿਆਂਦਾ ਜਾ ਰਿਹਾ ਹੈ ਤਾਂ ਜੋ ਕੰਮ ਵਿਚ ਪਾਰ-ਦਰਸ਼ਤਾ ਅਤੇ ਨਿਪੁੰਨਤਾ ਭਰੀ ਤੇਜੀ ਆ ਸਕੇ। ਵਿਦਿਆਰਥੀਆਂ ਨੂੰ ਐਸ.ਐਮ.ਐਸ. ਰਾਹੀਂ ਮੋਬਾਈਲ ਤੇ ਨਤੀਜੇ ਸੂਚਿਤ ਕਰਨ ਦਾ ਕੰਮ ਆਰੰਭ ਕਰ ਦਿੱਤਾ ਗਿਆ ਹੈ।

**ਪਾਸ ਹੋਇਆ** ਕਿ ਵਿਤੀ ਸਾਲ 2011-12 ਦੇ ਬੱਜਟ ਅਨੁਮਾਨਾਂ, ਆਮਦਨ ਅਤੇ ਖਰਚੇ ਆਦਿ ਸਹਿਤ ਵਿਤ ਕਮੇਟੀ ਦੀਆਂ ਮਿਤੀ 26.2.2011 ਦੀਆਂ ਸਿਫਾਰਸ਼ਾਂ **ਅੰਤਿਕਾਵਾਂ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਡਾ. ਸੁਖਪ੍ਰੀਤ ਸਿੰਘ, ਰੀਡਰ, ਕੈਮਿਸਟਰੀ ਵਿਭਾਗ ਨੂੰ ਵਿਦੇਸ਼ ਵਿਖੇ ਕਾਨਫ੍ਰੰਸ ਵਿਚ ਭਾਗ ਲੈਣ ਲਈ ਵਿਤੀ ਸਹਾਇਤਾ ਪਰਦਾਨ ਕਰਨ ਦੀ ਪੁਸ਼ਟੀ।

4. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਸੁਖਪ੍ਰੀਤ ਸਿੰਘ, ਰੀਡਰ, ਕੈਮਿਸਟਰੀ ਵਿਭਾਗ ਨੂੰ Karlsruhe , Germany ਵਿਖੇ ਮਿਤੀ 20-22 ਮਾਰਚ, 2011 ਨੂੰ ਹੋ ਰਹੀ " 4th Workshop on Fats and Oils as Renewable Feedstock for the Chemical Industry" ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40,000/- ਰੁਪਏ , ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ 16 Merged Schemes ਅਧੀਨ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿਤੀ ਸਹਾਇਤਾ ਪਰਦਾਨ ਕੀਤੀ ਹੈ।

ਸਬੰਧਤ ਵਿਅਕਤੀਆਂ ਦੀ ਮੁੜ ਨਿਯੁਕਤੀ/ਵਾਧੇ ਦੀ ਪੁਸ਼ਟੀ।

5. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਅਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਸ਼੍ਰੀ ਮੁਖਤਿਆਰ ਸਿੰਘ, ਸੀਨੀਅਰ ਲੈਬ ਟੈਕਨੀਸ਼ੀਅਨ(ਸੇਵਾ-ਮੁਕਤ) ਨੂੰ ਯੂਨੀਵਰਸਿਟੀ ਹੈਲਥ ਸੈਂਟਰ ਵਿਖੇ ਮਿਤੀ 1.2.2011 ਤੋਂ 31.7.2011 ਤੱਕ ਛੇ ਮਹੀਨੇ ਲਈ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਹਾਜ਼ਰ ਹੋਣ ਦੀ ਮਿਤੀ ਤੋਂ 7900/- ਰੁਪਏ ਮਾਸਿਕ ਬੱਝਵੀਂ ਤਨਖਾਹ ਉਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਕੰਟ੍ਰੈਕਟ ਅਧਾਰ 'ਤੇ ਮੁੜ ਨਿਯੁਕਤ ਕੀਤਾ ਹੈ।

(ਅ) ਸ਼੍ਰੀ ਸਵਰਨ ਸਿੰਘ, ਇਲੈਕਟ੍ਰੀਸ਼ੀਅਨ ਗ੍ਰੇਡ-II (ਸੇਵਾ-ਮੁਕਤ), ਉਸਾਰੀ ਵਿਭਾਗ ਨੂੰ ਡਿਊਟੀ ਤੇ ਹਾਜ਼ਰ ਹੋਣ ਦੀ ਮਿਤੀ ਤੋਂ ਛੇ ਮਹੀਨੇ ਲਈ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, 6000/-ਰੁਪਏ ਮਾਸਿਕ ਬੱਝਵੀਂ ਤਨਖਾਹ 'ਤੇ ਕੰਟ੍ਰੈਕਟ ਅਧਾਰ 'ਤੇ ਮੁੜ ਨਿਯੁਕਤ ਕੀਤਾ ਹੈ।

(ੲ) ਯੂਨੀਵਰਸਿਟੀ ਬਿਲਡਿੰਗਾਂ ਸਬੰਧੀ ਅਗਵਾਈ/ਸਲਾਹ ਆਦਿ ਲਈ ਅੰਸ਼ਕਾਲੀ ਅਧਾਰ 'ਤੇ ਨਿਯੁਕਤ ਸ. ਮਹਿੰਦਰਜੀਤ ਸਿੰਘ, ਆਰਕੀਟੈਕਟ ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 1.2.2011 ਤੋਂ 31.1.2012 ਤੱਕ ਇਕ ਸਾਲ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ 12000/- ਰੁਪਏ ਪ੍ਰਤੀ ਮਹੀਨਾ ਅਤੇ ਸਮੇਂ-ਸਮੇਂ 'ਤੇ ਲਾਗੂ ਹੋਣ ਵਾਲੇ ਸਰਵਿਸ ਟੈਕਸ 'ਤੇ ਵਾਧਾ ਕੀਤਾ ਹੈ।

ਡਾ. ਸੁਖਦੇਵ ਸਿੰਘ, ਪ੍ਰੋਫੈਸਰ ਮੌਲੀਕਿਊਲਰ ਬਿਆਲੋਜੀ ਤੇ ਬਾਇਓ-ਕੈਮਿਸਟਰੀ ਵਿਭਾਗ ਨੂੰ ਸਬੈਟੀਕਲ ਛੁੱਟੀ ਅਤੇ ਡਾ. ਪੀ.ਕੇ. ਸਹਿਜਪਾਲ ਦੀ ਮੁਖੀ ਵਿਭਾਗ ਵਜੋਂ ਨਿਯੁਕਤੀ ਦੀ ਪੁਸ਼ਟੀ।

6. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਡਾ. ਸੁਖਦੇਵ ਸਿੰਘ, ਪ੍ਰੋਫੈਸਰ ਅਤੇ ਮੁਖੀ, ਮੌਲੀਕਿਊਲਰ ਬਿਆਲੋਜੀ ਅਤੇ ਬਾਇਓ-ਕੈਮਿਸਟਰੀ ਵਿਭਾਗ ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 78 ਉਤੇ Statute 92 ਅਧੀਨ WLU, Canada ਵਿਖੇ Use of Lectin-capped nanoparticles to target cancer cells" ਪ੍ਰੋਜੈਕਟ ਵਾਸਤੇ ਮਿਤੀ 1.3.2011 ਤੋਂ 29.2.2012 ਤੱਕ ਪੂਰੀ ਤਨਖਾਹ 'ਤੇ (as no financial assistance will be provided during his stay at WLU, Canada) ਸਬੈਟੀਕਲ ਛੁੱਟੀ ਦੀ ਪਰਵਾਨਗੀ ਦਿੱਤੀ ਹੈ।

(ਅ) ਡਾ. ਸੁਖਦੇਵ ਸਿੰਘ ਦੀ ਸਬੈਟੀਕਲ ਲੀਵ ਕਾਰਣ ਡਾ. ਪੀ.ਕੇ. ਸਹਿਜਪਾਲ, ਪ੍ਰੋਫੈਸਰ ਮੋਲੀਕਿਊਲਰ ਬਿਆਲੋਜੀ ਤੇ ਬਾਇਓ-ਕੈਮਿਸਟਰੀ ਵਿਭਾਗ ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉੱਤੇ ਦਰਜ ਸਟੈਚਿਊਟ 3 ਅਧੀਨ ਮਿਤੀ 1.3.2011 ਤੋਂ 30.6.2011 ਅਤੇ 1.7.2011 ਤੋਂ 30.6.2014 ਤੱਕ ਤਿੰਨ ਸਾਲ ਲਈ ਉਕਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ।

ਰੋਜੀ ਸੂਦ ਨੂੰ ਐਮ.ਐਸ.ਸੀ. (ਆਨਰਜ਼ ਸਕੂਲ) ਇਕਨਾਮਿਕਸ ਦਾ ਥੀਸਿਸ ਜਮਾਂ ਕਰਾਉਣ ਦੀ ਆਗਿਆ ਦੀ ਪੁਸ਼ਟੀ।

7. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਐਮ.ਐਸ.ਸੀ. (ਆਨਰਜ਼ ਸਕੂਲ) ਇਕਨਾਮਿਕਸ 2007-09 ਦੀ ਵਿਦਿਆਰਥਣ-ਰੋਜੀ ਸੂਦ, ਰੋਲ ਨੰ: 872018, ਜਿਸ ਨੂੰ ਸਿੰਡੀਕੇਟ ਦੀ ਇੱਕਤਰਤਾ ਮਿਤੀ 12.3.2010 ਦੇ ਪੈਰਾ 6(ਅ) ਰਾਹੀਂ ਬਣਦੀ ਫੀਸ ਤੋਂ ਇਲਾਵਾ 10000/- ਰੁਪਏ ਜੁਰਮਾਨੇ ਸਹਿਤ ਮਿਤੀ 30.5.2010 ਤੱਕ ਥੀਸਿਸ ਜਮਾਂ ਕਰਨ ਦੀ ਪਰਵਾਨਗੀ ਦਿੱਤੀ ਗਈ ਸੀ, ਪ੍ਰੰਤੂ ਘਰੇਲੂ ਮੁਸ਼ਕਿਲਾਂ ਕਰਕੇ ਉਹ ਉਕਤ ਸਮੇਂ ਤੱਕ ਆਪਣਾ ਥੀਸਿਸ ਜਮਾਂ ਨਹੀਂ ਕਰਵਾ ਸਕੀ, ਦੇ ਅਕਾਦਮਿਕ ਭਵਿੱਖ ਨੂੰ ਮੁੱਖ ਰੱਖਦਿਆਂ ਬਣਦੀ ਨਾਰਮਲ ਫੀਸ ਤੋਂ ਇਲਾਵਾ 20000/- ਰੁਪਏ ਜੁਰਮਾਨਾ ਫੀਸ ਨਾਲ ਮਿਤੀ 14.1.2011 ਤੱਕ ਥੀਸਿਸ ਜਮਾਂ ਕਰਾਉਣ ਦੀ ਪਰਵਾਨਗੀ ਦਿੱਤੀ ਹੈ।

ਵਿਦੇਸ਼ੀ ਵਿਦਿਆਰਥੀਆਂ ਨੂੰ ਪੀ.ਐਚ.ਡੀ. ਵਿਚ ਦਾਖਲਾ ਦੇਣ ਸਬੰਧੀ ਗਠਿਤ ਕਮੇਟੀ ਦੀਆਂ ਸਿਫ਼ਾਰਸ਼ਾਂ ਦੀ ਪੁਸ਼ਟੀ।

8. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਵਿਦੇਸ਼ੀ ਵਿਦਿਆਰਥੀਆਂ ਨੂੰ ਇਸ ਯੂਨੀਵਰਸਿਟੀ ਵਿਖੇ ਪੀ.ਐਚ.ਡੀ. ਵਿਚ ਦਾਖਲਾ ਦੇਣ ਸਬੰਧੀ ਗਠਿਤ ਕਮੇਟੀ ਦੀਆਂ ਮਿਤੀ 17.1.2011 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਹਨ।

ਸਲਾਨਾ ਪ੍ਰਣਾਲੀ ਦੇ ਅੰਡਰ-ਗ੍ਰੈਜੂਏਟ, ਪੋਸਟ-ਗ੍ਰੈਜੂਏਟ ਅਤੇ ਸਮੈਸਟਰ ਪ੍ਰਣਾਲੀ ਦੇ ਪ੍ਰੀਖਿਆਰਥੀਆਂ ਨੂੰ ਕੰਪਾਰਟਮੈਂਟ/ਰੀ-ਅਪੀਅਰ ਪਾਸ ਕਰਨ ਲਈ ਵਿਸ਼ੇਸ਼ ਮੌਕੇ ਦੀ ਪੁਸ਼ਟੀ।

9. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸਲਾਨਾ ਪ੍ਰਣਾਲੀ ਅਧੀਨ ਅੰਡਰ-ਗ੍ਰੈਜੂਏਟ, ਪੋਸਟ-ਗ੍ਰੈਜੂਏਟ ਦੇ ਅਜਿਹੇ ਪ੍ਰੀਖਿਆਰਥੀ ਜੋ ਨਿਯਮਾਂ ਅਨੁਸਾਰ ਬਣਦੇ ਆਪਣੇ ਸਾਰੇ ਮੌਕੇ ਲੈਣ ਦੇ ਬਾਵਜੂਦ ਵੀ ਆਪਣੀ ਕੰਪਾਰਟਮੈਂਟ ਕਲੀਅਰ ਨਹੀਂ ਕਰ ਸਕੇ ਅਤੇ ਸਮੈਸਟਰ ਪ੍ਰਣਾਲੀ ਅਧੀਨ ਅਪ੍ਰੈਲ/ਮਈ, 2011 ਵਿਚ ਆਪਣੇ ਕੋਰਸ ਦੇ ਅੰਤਿਮ ਸਮੈਸਟਰ ਦੀ ਪ੍ਰੀਖਿਆ ਵਿਚ ਪ੍ਰਵੇਸ਼ ਹੋਣ ਵਾਲੇ ਵਿਦਿਆਰਥੀ, ਜਿਨ੍ਹਾਂ ਦੀ ਕਿਸੇ ਹੇਠਲੇ ਸਮੈਸਟਰ (odd/even) ਦੀ ਰੀ-ਅਪੀਅਰ ਹੈ, ਤੋਂ ਇਲਾਵਾ ਅੰਤਿਮ ਸਮੈਸਟਰ ਦੀ ਪ੍ਰੀਖਿਆ ਪਾਸ ਕਰ ਚੁੱਕੇ ਵਿਦਿਆਰਥੀ, ਜੋ ਬਣਦੇ ਸਾਰੇ ਮੌਕੇ ਲੈਣ ਦੇ ਬਾਵਜੂਦ ਕਿਸੇ ਹੇਠਲੇ ਸਮੈਸਟਰ (odd/even) ਦੀ re-appear/s ਕਲੀਅਰ ਨਹੀਂ ਕਰ ਸਕੇ, ਨੂੰ ਕੰਪਾਰਟਮੈਂਟ ਜਾਂ ਰੀ-ਅਪੀਅਰ ਕਲੀਅਰ ਕਰਨ ਲਈ ਅਪ੍ਰੈਲ/ਮਈ, 2011 ਦੀਆ ਸਲਾਨਾ/ਸਮੈਸਟਰ ਪ੍ਰੀਖਿਆਵਾਂ ਦੌਰਾਨ 20,000/-ਰੁਪਏ ਪ੍ਰਤੀ ਪੇਪਰ ਪੀਨਲ ਫੀਸ+ ਨਾਰਮਲ ਪ੍ਰੀਖਿਆ ਫੀਸ ਨਾਲ ਅਪੀਅਰ ਹੋਣ ਲਈ one time ਇਕ ਵਿਸ਼ੇਸ਼ ਮੌਕਾ ਦਿੱਤਾ ਹੈ। ਇਹ ਸਾਰੇ ਪ੍ਰੀਖਿਆਰਥੀ Current Syllabus ਅਨੁਸਾਰ ਪ੍ਰੀਖਿਆ ਵਿਚ ਅਪੀਅਰ ਹੋਣਗੇ।

ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 15.2.2011 ਦੀਆ ਸਿਫ਼ਾਰਸ਼ਾਂ ਦੀ ਪਰਵਾਨਗੀ।

10. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੇ ਵੱਖ-ਵੱਖ ਨਿਰਣਿਆ ਨੂੰ ਮੁੱਖ ਰੱਖਦਿਆਂ ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 15.2.2011 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਸਬੰਧਤ ਵਿਭਾਗਾਂ ਦਾ ਨਕਾਰਾ ਅਤੇ ਨਾ-ਮੁਰੰਮਤਯੋਗ ਫਰਨੀਚਰ/ਸਮਾਨ ਵੱਟੇ-ਖਾਤੇ ਪਾਉਣ ਦੀ ਪਰਵਾਨਗੀ।

11. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਫਿਜ਼ਿਕਸ ਵਿਭਾਗ ਵਿਖੇ 50809.36/- ਰੁਪਏ ਕੀਮਤ ਦਾ ਫਰਨੀਚਰ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b) (5) ਅਧੀਨ ਵੱਟੇ-ਖਾਤੇ ਪਾਉਣ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 10.2.2011 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

(ਅ) ਯੂਨੀਵਰਸਿਟੀ ਕਾਲਜ, ਜਲੰਧਰ ਵਿਖੇ 1,38,527.13/- ਰੁਪਏ ਕੀਮਤ ਦਾ ਸਮਾਨ ਜੋ ਲੰਮੇਂ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਵਰਤੋਂਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b) (5) ਅਧੀਨ ਵੱਟੇ-ਖਾਤੇ ਪਾਉਣ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 14.2.2011 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

**ਐਮ.ਐਸ.ਸੀ. (ਆਨਰਜ਼ ਸਕੂਲ) ਇਕਨਾਮਿਕਸ ਦੇ ਵਿਦਿਆਰਥੀ ਅਮਨਦੀਪ ਨੂੰ ਵਿਸ਼ੇਸ਼ ਜੁਰਮਾਨੇ ਸਹਿਤ ਖੋਜ ਨਿਬੰਧ ਜਮ੍ਹਾਂ ਕਰਾਉਣ ਦੀ ਪਰਵਾਨਗੀ।**

12. ਵਾਈਸ-ਚਾਂਸਲਰ ਸਾਹਿਬ ਦੀ ਸਿਫ਼ਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਐਮ.ਐਸ.ਸੀ. (ਆਨਰਜ਼ ਸਕੂਲ) ਇਕਨਾਮਿਕਸ, ਸੈਸ਼ਨ 2002 ਦਾ ਵਿਦਿਆਰਥੀ- ਅਮਨਦੀਪ, ਰੋਲ ਨੰ: 22527, ਜੋ ਨਿਸ਼ਚਿਤ ਸਮੇਂ ਅੰਦਰ ਆਪਣਾ ਖੋਜ-ਨਿਬੰਧ ਜਮ੍ਹਾਂ ਨਹੀਂ ਕਰਵਾ ਸਕਿਆ, ਨੂੰ ਬਣਦੀ ਫੀਸ ਤੋਂ ਇਲਾਵਾ 10000/- ਰੁਪਏ ਜੁਰਮਾਨੇ ਸਹਿਤ, ਸਿੰਡੀਕੇਟ ਦੀ ਇਕੱਤਰਤਾ ਦੀ ਮਿਤੀ ਤੋਂ 90 ਦਿਨਾਂ ਦੇ ਅੰਦਰ-ਅੰਦਰ ਖੋਜ-ਨਿਬੰਧ ਜਮ੍ਹਾਂ ਕਰਵਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।।

**ਪੇਪਰ ਸੈਟਰਾਂ ਨੂੰ ਪੇਪਰ ਸੈਟ ਕਰਨ ਲਈ ਅਪ੍ਰੈਲ, 2011 ਦੀਆਂ ਪ੍ਰੀਖਿਆਵਾਂ ਤੋਂ ਅਦਾਇਗੀ ਦੀ ਪਰਵਾਨਗੀ।**

13. ਵਾਈਸ-ਚਾਂਸਲਰ ਸਾਹਿਬ ਦੀ ਸਿਫ਼ਾਰਸ਼ 'ਤੇ ਵਿਚਾਰ ਹੋਈ ਕਿ ਪ੍ਰਸ਼ਨ ਪੱਤਰ (ਥਿਊਰੀ ਅਤੇ ਪ੍ਰੈਕਟੀਕਲ) ਸੈਟ ਕਰਨ ਲਈ ਪੇਪਰ ਸੈਟਰਾਂ ਨੂੰ ਅਪ੍ਰੈਲ, 2011 ਦੀਆਂ ਪ੍ਰੀਖਿਆਵਾਂ ਤੋਂ ਹੇਠ ਲਿਖੇ ਦਰਾਂ ਅਨੁਸਾਰ ਅਦਾਇਗੀ ਕਰਨ ਦੀ ਪਰਵਾਨਗੀ ਦਿੱਤੀ ਜਾਵੇ:-

| Sr. No. | Examination | Rates |
|---|---|---|
| 1. | All Graduate Level Examinations including Diplomas and Post Graduate Diploma Examinations | Rs. 450/- per question paper + 50% extra for each question paper if Model answers are prepared |
| 2. | All Post Graduate Level Examinations | Rs. 500/- per question paper + 50% extra for each question paper if Model answers are prepared |

**ਪਾਸ ਹੋਇਆ** ਕਿ ਪ੍ਰਸ਼ਨ ਪੱਤਰ (ਥਿਊਰੀ ਅਤੇ ਪ੍ਰੈਕਟੀਕਲ) ਸੈਟ ਕਰਨ ਲਈ ਪੇਪਰ ਸੈਟਰਾਂ ਨੂੰ ਅਪ੍ਰੈਲ, 2011 ਦੀਆਂ ਪ੍ਰੀਖਿਆਵਾਂ ਤੋਂ ਹੇਠ ਲਿਖੇ ਦਰਾਂ ਅਨੁਸਾਰ ਅਦਾਇਗੀ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| Sr. No. | Examination | Rates |
|---|---|---|
| 1. | All Graduate Level Examinations including Diplomas and Post Graduate Diploma Examinations | Rs. 1000/- per question paper + 50% extra for each question paper if Model answers are prepared |
| 2. | All Post Graduate Level Examinations | Rs. 1000/- per question paper + 50% extra for |

each question paper if Model answers are prepared

**ਸ. ਪਰਮਜੀਤ ਸਿੰਘ ਖਹਿਰਾ, ਓ.ਐਸ.ਡੀ. (ਅਕਾਊਂਟਸ) ਦੀ ਨਿਯੁਕਤੀ ਦੀ ਮਿਆਦ ਵਿਚ ਵਾਧਾ।**

14. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ. ਪਰਮਜੀਤ ਸਿੰਘ ਖਹਿਰਾ, ਓ.ਐਸ.ਡੀ. (ਅਕਾਊਂਟਸ), ਜਿਸ ਦੀ ਵਰਤਮਾਨ ਨਿਯੁਕਤੀ ਦੀ ਮਿਆਦ ਮਿਤੀ 15.3.2011 ਨੂੰ ਖਤਮ ਹੋ ਰਹੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 16.3.2011 ਤੋਂ 15.3.2012 ਤੱਕ ਇਕ ਸਾਲ ਦਾ ਵਾਧਾ ਕੀਤਾ ਜਾਂਦਾ ਹੈ।

**ਡਾ. ਸੁਦੀਪ ਸਿੰਘ, ਲੈਕਚਰਾਰ, ਵਿਦੇਸ਼ੀ ਭਾਸ਼ਾਵਾਂ ਵਿਭਾਗ ਤੋਂ ਸਟੱਡੀ ਲੀਵ ਸਬੰਧੀ ਸਿੰਡੀਕੇਟ ਦਾ ਨਿਰਣਾ ਮਿਤੀ 11.12.2001 ਦੀ ਪੁਸ਼ਟੀ।**

15. ਡਾ. ਸੁਦੀਪ ਸਿੰਘ, ਲੈਕਚਰਾਰ, ਵਿਦੇਸ਼ੀ ਭਾਸ਼ਾਵਾਂ ਵਿਭਾਗ ਜਿਸ ਨੂੰ ਮਿਤੀ 2.8.1993 ਤੋਂ 1.8.1995 ਤੱਕ Ph.D. ਕਰਨ ਹਿਤ ਸਟੱਡੀ ਲੀਵ ਪੂਰੀ ਤਨਖਾਹ ਤੇ ਪਰਦਾਨ ਕੀਤੀ ਗਈ ਸੀ, ਸਬੰਧੀ Indemnity Bond ਅਨੁਸਾਰ ਨਿਰਧਾਰਤ ਸਮੇਂ ਵਿਚ Ph.D. ਕਰਨ ਦੀ ਸ਼ਰਤ ਪੂਰੀ ਨਾ ਕਰਨ ਕਰਕੇ ਆਡਿਟ ਦੀ Observation **(ਅੰਤਿਕਾ-I)** ਅਤੇ requistion **(ਅੰਤਿਕਾ-II)** ਅਨੁਸਾਰ ਉਸ ਕੋਲੋਂ ਉਕਤ ਸਮੇਂ ਦੀ ਤਨਖਾਹ ਦੀ ਵਸੂਲੀ ਕਰਨ ਲਈ ਸਿੰਡੀਕੇਟ ਦੀ ਇਕੱਤਰਤਾ ਮਿਤੀ 11.12.2001 ਦੇ ਪੈਰਾ 26 ਰਾਹੀਂ ਲਏ ਨਿਰਣੇ **ਅੰਤਿਕਾ-III** ਉੱਤੇ ਮੁੜ ਵਿਚਾਰ ਹੋਈ।

ਹੇਠ ਲਿਖੇ ਨੋਟ ਤੇ ਵੀ ਵਿਚਾਰ ਹੋਈ:-

ਨੋਟ :- ਆਡਿਟ Observation ਹੇਠ ਲਿਖੇ ਅਨੁਸਾਰ ਹੈ:-

> "From the persual of the file, it appears that several times extension in this case was granted instead of taking penal interest as condition 5 of the Indemnity Bond without any cogent reasons or unavoidable circumstances shown by the teacher. Rather taking penal/disciplinary action against the teacher, the Syndicate liberally granted the annual increments and placements in the Senior Scale. He was further allowed to submit his Ph.D. degree by September 2003.
>
> In case, the decision taken by the Syndicate is admitted in audit it will create a bad precedent in the University. The decision taken by the Syndicate in its meeting dated 11-12-2001 may be reconsidered keeping in view the financial interest of the University instead of the interest of the individual."

ਉਕਤ ਕੇਸ ਸਬੰਧੀ Legal Advisor ਦੀ ਰਾਏ **ਅੰਤਿਕਾ-IV** ਅਨੁਸਾਰ ਹੈ।

ਕੇਸ ਤੇ ਸਾਰੇ ਪੱਖਾਂ ਤੋਂ ਵਿਚਾਰ ਉਪਰੰਤ

**ਪਾਸ ਹੋਇਆ** ਕਿ ਆਡਿਟ ਇਤਰਾਜ਼ ਦੀ ਪੂਰਤੀ ਹਿਤ ਸਿੰਡੀਕੇਟ ਦੀ ਇੱਕਤਰਤਾ ਮਿਤੀ 11.12.2001 ਦੇ ਪੈਰਾ 26 ਰਾਹੀਂ ਲਏ ਨਿਰਣੇ ਦੀ ਪੁਸਟੀ ਕੀਤੀ ਜਾਂਦੀ ਹੈ।

**ਵਾਈਸ-ਚਾਂਸਲਰ ਸਾਹਿਬ ਦਾ ਬਿਆਨ।**

16. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਵਾਈਸ-ਚਾਂਸਲਰ ਸਾਹਿਬ ਨੇ ਦਸਿਆ ਕਿ:-

1. ਭਾਰਤ ਸਰਕਾਰ ਦੇ ਮਾਨਵੀ ਸਰੋਤ ਵਿਕਾਸ ਮੰਤਰਾਲੇ ਅਤੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ 47 ਕਰੋੜ 5 ਲੱਖ ਰੁਪਏ ਦੀ ਲਾਗਤ ਨਾਲ Centre on Studies in Sri Guru Granth Sahib ਸਥਾਪਿਤ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ।

2. ਯੂਨੀਵਰਸਿਟੀ ਦੀ 37ਵੀਂ ਸਲਾਨਾ ਕਨਵੋਕੇਸ਼ਨ 1 ਮਾਰਚ, 2011 ਨੂੰ ਆਯੋਜਿਤ ਕੀਤੀ ਗਈ। ਨੋਬਲ ਪੁਰਸਕਾਰ ਪ੍ਰਾਪਤ, ਪ੍ਰੋਫੈਸਰ ਰਿਚਰਡ ਰੋਬਰਟ ਅਰਨਸਟ, ਸਵਿਸ ਫੈਡਰਲ ਇੰਸਟੀਚਿਊਟ ਆਫ ਟੈਕਨਾਲੋਜੀ, ਜ਼ੂਰਿਚ, ਸਵਿਟਜ਼ਰਲੈਂਡ ਨੇ ਕਨਵੋਕੇਸ਼ਨ ਭਾਸ਼ਨ ਪੜ੍ਹਿਆ। ਇਸ ਅਵਸਰ ਉੱਤੇ ਪ੍ਰੋਫੈਸਰ ਰਿਚਰਡ ਰੋਬਰਟ ਅਰਨਸਟ; ਅਤੇ ਯੂਨੀਵਰਸਿਟੀ ਆਫ ਕੈਲੀਫੋਰਨੀਆ, ਬਰਕਲੇ, ਅਮਰੀਕਾ ਦੇ ਪ੍ਰਸਿੱਧ ਵਿਗਿਆਨੀ, ਪ੍ਰੋਫੈਸਰ ਅਲੈਗਜੈਂਡਰ ਪਾਈਨਜ਼ ਨੂੰ ਡਾਕਟਰ ਆਫ ਸਾਇੰਸ ਦੀ Honoris Causa ਡਿਗਰੀ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪ੍ਰੋਫੈਸਰ ਦਲੀਪ ਕੌਰ ਟਿਵਾਣਾ ਨੂੰ ਡਾਕਟਰ ਆਫ ਲਿਟਰੇਚਰ ਦੀ Honoris Causa ਡਿਗਰੀ ਨਾਲ ਸਨਮਾਨਿਤ ਕੀਤਾ ਗਿਆ।

3. ਯੂਨੀਵਰਸਿਟੀ ਵੱਲੋਂ ਇੰਸਟੀਚਿਊਟ ਆਫ ਹਿਮਾਲੀਅਨ ਬਾਇਓਰੀਸੋਰਸ ਟੈਕਨਾਲੋਜੀ, ਪਾਲਮਪੁਰ ਦੇ ਸਹਿਯੋਗ ਨਾਲ 1-4 ਮਾਰਚ, 2011 ਨੂੰ National Magnetic Resonance Society ਦੀ 17ਵੀਂ ਕਾਨਫਰੰਸ NMRS 2011 ਆਯੋਜਿਤ ਕੀਤੀ ਗਈ। ਇਸ ਕਾਨਫਰੰਸ ਦਾ ਉਦਘਾਟਨੀ ਭਾਸ਼ਨ ਪ੍ਰੋਫੈਸਰ ਅਲੈਗਜ਼ੈਂਡਰ ਪਾਈਨਜ਼ ਵੱਲੋਂ ਪੜ੍ਹਿਆ ਗਿਆ, ਜਿਸ ਦਾ ਵਿਸ਼ਾ- Toward Miniaturization of NMR and MRI ਸੀ।

4. ਯੂਨੀਵਰਸਿਟੀ ਵੱਲੋਂ 28 ਫਰਵਰੀ ਨੂੰ Enabling a Beneficial Future for Our Descendents, What Can We Do, and What Shall We Not Do? ਵਿਸ਼ੇ 'ਤੇ ਸਵਿਟਜ਼ਰਲੈਂਡ ਤੋਂ ਨੋਬਲ ਐਵਾਰਡ ਪ੍ਰਾਪਤ, ਪ੍ਰੋਫੈਸਰ ਰਿਚਰਡ ਰੋਬਰਟ ਅਰਨਸਟ ਦਾ ਪਬਲਿਕ ਲੈਕਚਰ ਆਯੋਜਿਤ ਕੀਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਨੇ 1 ਮਾਰਚ, 2011 ਨੂੰ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੂੰ Passion and Responsibility: My Life Story and My Goals ਵਿਸ਼ੇ ਤੇ ਲੈਕਚਰ ਦਿੱਤਾ।ਇਸੇ ਤਰ੍ਹਾਂ ਪ੍ਰੋਫੈਸਰ ਅਲੈਗਜ਼ੈਂਡਰ ਪਾਈਨਜ਼ ਵੱਲੋਂ 2 ਮਾਰਚ, 2011 ਨੂੰ Looking Beyond the Light ਵਿਸ਼ੇ ਤੇ ਸਪੈਸ਼ਲ ਲੈਕਚਰ ਅਤੇ 3 ਮਾਰਚ, 2011 ਨੂੰ Is ignorance Bliss? ਵਿਸ਼ੇ ਤੇ ਪਬਲਿਕ ਲੈਕਚਰ ਦਿੱਤਾ।

5. ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ ਜਨਵਰੀ 2011 ਤੋਂ ਬਾਅਦ ਹੁਣ ਤੱਕ ਬੈਚ 2011 ਦੇ 58 ਵਿਦਿਆਰਥੀਆਂ ਨੂੰ ਵੱਖ-ਵੱਖ ਕੰਪਨੀਆਂ ਦੁਆਰਾ ਨੌਕਰੀ ਦੀ ਪੇਸ਼ਕਸ਼ ਕੀਤੀ ਗਈ ਹੈ। ਇਸ ਤਰ੍ਹਾਂ ਹੁਣ ਤੱਕ ਬੈਚ 2011 ਦੇ ਕੁੱਲ 620 ਵਿਦਿਆਰਥੀਆਂ ਦੀ ਨੈਸ਼ਨਲ ਅਤੇ ਮਲਟੀਨੈਸ਼ਨਲ ਕੰਪਨੀਆਂ ਵੱਲੋਂ ਪਲੇਸਮੈਂਟ ਹੋ ਚੁੱਕੀ ਹੈ।

6. ਯੂਨੀਵਰਸਿਟੀ ਦੇ ਸਕੂਲ ਆਫ ਸੋਸ਼ਲ ਸਾਇੰਸਜ਼ ਦੇ ਤਿੰਨ ਵਿਦਿਆਰਥੀਆਂ ਨੇ ਆਈ.ਏ.ਐਸ. ਦੀ ਮੇਨ ਪ੍ਰੀਖਿਆ ਪਾਸ ਕੀਤੀ ਹੈ।

7. ਯੂਨੀਵਰਸਿਟੀ ਦੇ ਗੁਰੂ ਨਾਨਕ ਅਧਿਐਨ ਵਿਭਾਗ ਵੱਲੋਂ Institute for Understanding Sikhism, Canada ਦੇ ਸਹਿਯੋਗ ਨਾਲ ਫਰਵਰੀ 23-25, 2011 ਨੂੰ Uniqueness of Guru Nanak's Philosophy ਵਿਸ਼ੇ ਤੇ ਅੰਤਰ-ਰਾਸ਼ਟਰੀ ਕਾਨਫਰੰਸ ਆਯੋਜਿਤ ਕੀਤੀ ਗਈ।

8. ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਵੱਲੋਂ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੇ ਸਹਿਯੋਗ ਨਾਲ Special Assistance Programme ਅਧੀਨ ਪੰਜਾਬੀ ਭਾਸ਼ਾ ਦਾ ਅਧਿਐਨ ਅਤੇ ਅਧਿਆਪਨ: ਵਿਰਸਾ ਤੇ ਵਰਤਮਾਨ ਵਿਸ਼ੇ 'ਤੇ 10-11 ਫਰਵਰੀ, 2011 ਨੂੰ ਦੋ ਦਿਨਾ ਕੌਮੀ ਸੈਮੀਨਾਰ ਆਯੋਜਿਤ ਕੀਤਾ ਗਿਆ।

9. ਯੂਨੀਵਰਸਿਟੀ ਦੇ ਪੋਲੀਟੀਕਲ ਸਾਇੰਸ ਵਿਭਾਗ ਵੱਲੋਂ ਮਿਤੀ 7 ਫਰਵਰੀ, 2011 ਨੂੰ Trends in the Indian Politics ਵਿਸ਼ੇ 'ਤੇ ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ ਦੇ ਪ੍ਰੋਫੈਸਰ ਏ.ਐਸ. ਨਾਰੰਗ ਦਾ ਭਾਸ਼ਣ ਆਯੋਜਿਤ ਕੀਤਾ ਗਿਆ।

10. ਯੂਨੀਵਰਸਿਟੀ ਦੇ ਗੁਰੂ ਨਾਨਕ ਅਧਿਐਨ ਵਿਭਾਗ ਵੱਲੋਂ 10-11 ਮਾਰਚ, 2011 ਨੂੰ ਵਿਸ਼ਵ ਧਰਮਾਂ ਵਿਚ ਇਸਤਰੀਆਂ ਦਾ ਰੁਤਬਾ ਅਤੇ ਭੂਮਿਕਾ ਵਿਸ਼ੇ 'ਤੇ ਰਾਸ਼ਟਰੀ ਸੈਮੀਨਾਰ ਆਯੋਜਿਤ ਕੀਤਾ ਗਿਆ।

11. ਯੂਨੀਵਰਸਿਟੀ ਦੇ ਕਮਰਸ ਅਤੇ ਬਿਜ਼ਨੈਸ ਮੈਨੇਜ਼ਮੈਂਟ ਵਿਭਾਗ ਦੇ ਰੀਡਰ ਡਾ. ਬੀ.ਐਸ. ਮਾਨ ਨੂੰ Understanding the Influence of Culture on Brand Buying Behaviour - An Empirical Investigation ਖੋਜ ਪ੍ਰੋਜੈਕਟ ਤੇ ਕੰਮ ਕਰਨ ਲਈ 6.00 ਲੱਖ ਰੁਪਏ ਅਤੇ ਗੁਰਦਾਸਪੁਰ ਵਿਖੇ ਯੂਨੀਵਰਸਿਟੀ ਦੇ ਰਿਜ਼ਨਲ ਕੈਂਪਸ ਦੇ ਸੀਨੀਅਰ ਅਸਿਸਟੈਂਟ ਪ੍ਰੋਫੈਸਰ, ਡਾ. ਰਿਸ਼ੀ ਰਾਜ ਸ਼ਰਮਾ ਨੂੰ Knowledge Management ਵਿਸ਼ੇ ਤੇ ਕੰਮ ਕਰਨ ਲਈ 3.57 ਲੱਖ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਈ ਹੈ।

12. ਯੂਨੀਵਰਸਿਟੀ ਦੇ Emerging Life Sciences Block ਦਾ ਨੀਂਹ ਪੱਥਰ ਸਵਿਟਜ਼ਰਲੈਂਡ ਦੇ ਸਵਿਸ ਫੈਡਰਲ ਇੰਸਟੀਚਿਊਟ ਆਫ ਟੈਕਨਾਲੋਜੀ, ਜ਼ੂਰਿਚ ਤੋਂ ਨੋਬਲ ਪੁਰਸਕਾਰ ਪ੍ਰਾਪਤ ਪ੍ਰੋਫੈਸਰ ਰਿਚਰਡ ਰੋਬਰਟ ਅਰਨਸਟ ਨੇ ਅਤੇ ਐਫ.ਆਰ.ਐਸ. ਯੂਨੀਵਰਸਿਟੀ, ਕੈਲੀਫੋਰਨੀਆ, ਅਮਰੀਕਾ ਤੋਂ ਪ੍ਰੋਫੈਸਰ ਅਲੈਗਜ਼ੈਂਡਰ ਪਾਈਨਜ਼ ਨੇ ਯੂਨੀਵਰਸਿਟੀ ਦੇ Extension of Chemistry Block ਦਾ ਨੀਂਹ ਪੱਥਰ ਮਿਤੀ 28 ਫਰਵਰੀ, 2011 ਨੂੰ ਰੱਖਿਆ।

13. Indian Council for Cultural Relations (ICCR), Government of India, New Delhi ਵੱਲੋਂ ਪੋਲੀਟੀਕਲ ਸਾਇੰਸ ਵਿਭਾਗ ਦੇ ਮੁਖੀ ਪ੍ਰੋਫੈਸਰ ਕੁਲਦੀਪ ਸਿੰਘ ਦੀ Prestigious India Chairs Abroad ਲਈ ਚੋਣ ਕੀਤੀ ਗਈ ਹੈ।

14. ਸੈਸ਼ਨ 2009-10 ਦੌਰਾਨ ਨੈਸ਼ਨਲ, ਆਲ ਇੰਡੀਆ ਅੰਤਰ-ਯੂਨੀਵਰਸਿਟੀ ਅਤੇ ਅੰਤਰ-ਕਾਲਜ ਖੇਡ ਮੁਕਾਬਲਿਆਂ ਵਿਚ ਪਹਿਲੇ ਤਿੰਨ ਸਥਾਨ ਹਾਸਲ ਕਰਨ ਵਾਲੇ ਯੂਨੀਵਰਸਿਟੀ ਕੈਂਪਸ ਦੇ ਵੱਖ-ਵੱਖ ਵਿਭਾਗਾਂ ਦੇ 125 ਖਿਡਾਰੀ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ 23 ਫਰਵਰੀ ਨੂੰ ਯੂਨੀਵਰਸਿਟੀ ਵਿਖੇ ਇਕ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ।

ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।

17. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਅਗਲੀ ਇਕੱਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਡਾ. ਜਤਿੰਦਰ ਸਿੰਘ, ਪ੍ਰੋਫੈਸਰ, ਮੋਲੀਕਿਊਲਰ ਬਿਆਲੋਜੀ ਤੇ ਬਾਇਓ-ਕੈਮਿਸਟਰੀ ਵਿਭਾਗ ਦੀ ਖਾਲਸਾ ਹੈਰੀਟੇਜ ਸੈਂਟਰ ਦੇ ਪ੍ਰੋਫੈਸਰ ਇੰਚਾਰਜ਼ ਵਜੋਂ ਨਿਯੁਕਤੀ ਦੀ ਪੁਸ਼ਟੀ।

18. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਜਤਿੰਦਰ ਸਿੰਘ, ਪ੍ਰੋਫੈਸਰ, ਮੋਲੀਕਿਊਲਰ ਬਿਆਲੋਜੀ ਤੇ ਬਾਇਓ-ਕੈਮਿਸਟਰੀ ਵਿਭਾਗ ਨੂੰ ਆਪਣੇ ਕਾਰਜ ਭਾਰ ਤੋਂ ਇਲਾਵਾ ਮਿਤੀ 1.3.2011 ਤੋਂ ਖਾਲਸਾ ਹੈਰੀਟੇਜ ਸੈਂਟਰ (ਸਾਇੰਸ, ਟੈਕਨਾਲੋਜੀ ਅਤੇ ਹੈਰੀਟੇਜ ਮਿਊਜਿਅਮ) ਦੇ ਪ੍ਰੋਫੈਸਰ ਇੰਚਾਰਜ਼ ਵਜੋਂ ਨਿਯੁਕਤ ਕੀਤਾ ਹੈ।

ਸ੍ਰੀਮਤੀ ਨਮਰਤਾ ਜੋਸ਼ੀ, ਲੈਕਚਰਾਰ, ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਵਿਭਾਗ, ਰਿਜਨਲ ਕੈਂਪਸ, ਜਲੰਧਰ ਦੀ ਗਰਲਜ ਹੋਸਟਲ ਦੇ ਵਾਰਡਨ ਵਜੋਂ ਨਿਯੁਕਤੀ ਵਿਚ ਵਾਧੇ ਦੀ ਪੁਸ਼ਟੀ।

19. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀਮਤੀ ਨਮਰਤਾ ਜੋਸ਼ੀ, ਲੈਕਚਰਾਰ, ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਵਿਭਾਗ, ਰਿਜਨਲ ਕੈਂਪਸ, ਜਲੰਧਰ ਦੀ ਗਰਲਜ਼ ਹੋਸਟਲ ਦੇ ਵਾਰਡਨ ਵਜੋਂ ਨਿਯੁਕਤੀ ਦੀ ਮਿਆਦ ਵਿਚ ਮਿਤੀ 31.3.2011 ਤੱਕ ਵਾਧਾ ਕੀਤਾ ਹੈ।

ਡਾ. ਜੀ.ਐਸ. ਵਿਰਕ, ਪ੍ਰੋਫੈਸਰ, ਬੋਟਾਨੀਕਲ ਐਂਡ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਦੀ ਏ.ਐਸ.ਸੀ. ਗੈਸਟ ਹਾਊਸ ਦੇ ਇੰਚਾਰਜ਼ ਵਜੋਂ ਨਿਯੁਕਤੀ ਦੀ ਪੁਸ਼ਟੀ।

20. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਜੀ.ਐਸ. ਵਿਰਕ, ਪ੍ਰੋਫੈਸਰ, ਬੋਟਾਨੀਕਲ ਐਂਡ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਅਤੇ ਡਾਇਰੈਕਟਰ, ਹਾਸਪੀਟੈਲਟੀ ਨੂੰ ਆਪਣੇ ਕਾਰਜ ਭਾਰ ਤੋਂ ਇਲਾਵਾ ਏ.ਐਸ.ਸੀ. ਗੈਸਟ ਹਾਊਸ ਦੇ ਇੰਚਾਰਜ਼ ਵਜੋਂ ਨਿਯੁਕਤ ਕੀਤਾ ਹੈ।

ਸਬੰਧਤ ਵਿਭਾਗਾਂ ਦੇ ਮੁਖੀ ਵਜੋਂ ਨਿਯੁਕਤੀ।

21. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸਿੰਡੀਕੇਟ ਦੀ ਇੱਕਤਰਤਾ ਮਿਤੀ 3.11.2010 ਦੇ ਪੈਰਾ 47 ਨੂੰ ਮੁੱਖ ਰੱਖਦਿਆਂ ਸ਼ੂਗਰ ਅਤੇ ਅਲਕੋਹਲ ਟੈਕਨਾਲੋਜੀ ਕੋਰਸ ਨੂੰ ਫੂਡ ਸਾਇੰਸ ਅਤੇ ਟੈਕਨਾਲੋਜੀ ਵਿਭਾਗ ਨਾਲ ਜੋੜਨ ਕਾਰਣ ਦੋਹਾਂ ਵਿਭਾਗਾਂ ਵਿਚੋਂ ਸੀਨੀਅਰ ਮੁਖੀ ਡਾ. ਰਾਜਸੁਖਵਿੰਦਰ ਸਿੰਘ ਕਲੇਰ, ਰੀਡਰ ਨੂੰ ਮਿਤੀ 1.4.2011 ਤੋਂ 30.6.2012 ਤੱਕ ਫੂਡ ਸਾਇੰਸ ਐਂਡ ਟੈਕਨਾਲੋਜੀ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਜਾਂਦਾ ਹੈ।

(ਅ) ਡਾ. ਰਾਜਸੁਖਵਿੰਦਰ ਸਿੰਘ ਕਲੇਰ ਨੂੰ ਫੂਡ ਸਾਇੰਸ ਐਂਡ

ਟੈਕਨਾਲੋਜੀ ਵਿਭਾਗ ਦਾ ਮੁਖੀ ਲਗਾਉਣ ਦੇ ਸਿੱਟੇ ਵਜੋਂ ਡਾ. ਕਮਲਜੀਤ ਸਿੰਘ, ਪ੍ਰੋਫੈਸਰ, ਅਪਲਾਈਡ ਕੈਮੀਕਲਜ਼ ਸਾਇੰਸਜ਼ ਐਂਡ ਟੈਕਨਾਲੋਜੀ ਵਿਭਾਗ ਨੂੰ ਮਿਤੀ 1.4.2011 ਤੋਂ 30.6.2011 ਤੱਕ ਅਤੇ 1.7.2011 ਤੋਂ 30.6.2014 ਤੱਕ ਮੁਖੀ ਵਿਭਾਗ ਵਜੋਂ ਨਿਯੁਕਤ ਕੀਤਾ ਜਾਂਦਾ ਹੈ।

ਡਾ. ਬੀ.ਐਸ. ਬਾਜਵਾ, ਪ੍ਰੋਫੈਸਰ, ਫਿਜ਼ਿਕਸ ਵਿਭਾਗ ਦੀ ਮਿਤੀ 22.2.2011 ਤੋਂ 31.3.2011 ਤੱਕ ਸਬੈਟੀਕਲ ਲੀਵ ਰੱਦ ਕਰਨ ਦੀ ਪਰਵਾਨਗੀ।

22. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਬੀ.ਐਸ. ਬਾਜਵਾ, ਪ੍ਰੋਫੈਸਰ, ਫਿਜ਼ਿਕਸ ਵਿਭਾਗ, ਜਿਸ ਨੂੰ ਸਿੰਡੀਕੇਟ ਦੀ ਇੱਕਤਰਤਾ ਮਿਤੀ 3.11.2010 ਦੇ ਪੈਰਾ 26 ਰਾਹੀਂ ਕਿੰਗਸਟਨ ਯੂਨੀਵਰਸਿਟੀ, ਲੰਡਨ (ਯੂ.ਕੇ.) ਵਿਖੇ ਕਾਮਨਵੈਲਥ ਫੈਲੋਸ਼ਿਪ ਰਿਸਰਚ ਵਰਕ ਵਾਸਤੇ ਮਿਤੀ 5.10.2010 ਤੋਂ 31.3.2011 ਤੱਕ ਸਬੈਟੀਕਲ ਲੀਵ ਦਿੱਤੀ ਗਈ ਸੀ, ਦੀ ਬੇਨਤੀ ਨੂੰ ਮੁੱਖ ਰੱਖਦਿਆਂ ਉਨ੍ਹਾਂ ਦੀ ਮਿਤੀ 22.2.2011 ਤੋਂ 31.3.2011 ਤੱਕ ਦੀ ਸਬੈਟੀਕਲ ਲੀਵ ਰੱਦ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ, ਕਿਉਂਜੋ ਕੁਝ ਅੱਟਲ ਕਾਰਣਾਂ ਕਰਕੇ ਉਨ੍ਹਾਂ ਨੂੰ ਆਪਣੀ visit ਨੂੰ ਸੰਖਿਪਤ ਕਰਨਾ ਪਿਆ।

ਡਾ. ਸਾਜਿਦ ਹੂਸੈਨ, ਰੀਡਰ, ਮਾਈਕ੍ਰੋਬਿਆਲੋਜੀ ਵਿਭਾਗ ਦੀ EOL ਕੈਰੀਅਰ ਅਡਵਾਂਸਮੈਂਟ ਸਕੀਮ ਅਧੀਨ ਤਰੱਕੀ ਲਈ ਗਿਣਨ ਦੀ ਪਰਵਾਨਗੀ।

23. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਸਾਜਿਦ ਹੂਸੈਨ, ਰੀਡਰ, ਮਾਈਕ੍ਰੋਬਿਆਲੋਜੀ ਵਿਭਾਗ ਨੂੰ ਜਾਮੀਆ ਹਮਦਰਦ ਯੂਨੀਵਰਸਿਟੀ, ਦਿੱਲੀ ਵਿਖੇ ਰੀਡਰ ਵਜੋਂ ਜਾਇਨ ਕਰਨ ਹਿਤ ਮਿਤੀ 1.11.2004 ਤੋਂ 31.5.2005 ਤੱਕ ਪਰਦਾਨ ਕੀਤੀ ਗਈ EOL ਦੇ ਸਮੇਂ ਨੂੰ UGC ਵੱਲੋਂ ਜਾਰੀ ਪੱਤਰ ਨੰ: F.5-6/2005(PS) ਮਿਤੀ 26.9.2005 (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦਿਆਂ ਉਕਤ ਸਮੇਂ ਦੀ ਛੁੱਟੀ ਨੂੰ ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਤਰੱਕੀ ਲਈ ਗਿਣਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਸਬੰਧਤ ਐਡਵੋਕੇਟਸ ਨੂੰ ਕੇਸਾਂ ਦੀ ਪੈਰਵੀ ਹਿਤ ਫੀਸ ਦੀ ਅਦਾਇਗੀ ਦੀ ਪਰਵਾਨਗੀ।

24. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਦਿੱਲੀ ਹਾਈਕੋਰਟ ਵਿਖੇ Writ Petition (c) No. 2435 of 2010 Mrs. Anshumitra Das Gupta Vs. Union of India & Ors. ਦੇ ਕੇਸ ਦੀ ਪੈਰਵੀ ਸਬੰਧੀ ਨਿਯੁਕਤ ਸ੍ਰੀ ਅਕਸ਼ਿਤ ਗੋਇਲ, ਐਡਵੋਕੇਟ, ਨਵੀਂ ਦਿੱਲੀ ਨੂੰ 15000/- ਰੁਪਏ ਫੀਸ ਦੀ ਅਦਾਇਗੀ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

(ਅ) ਦਿੱਲੀ ਹਾਈਕੋਰਟ ਵਿਖੇ ਰਿਟ ਪਟੀਸ਼ਨ (c) No. 4636 of 2010 Rajni Sharma Vs. Union of India & Ors. ਦੇ ਕੇਸ ਦੀ ਪੈਰਵੀ ਸਬੰਧੀ ਨਿਯੁਕਤ ਸ੍ਰੀ ਅੰਮ੍ਰਿਤਪਾਲ, ਐਡਵੋਕੇਟ, ਚੰਡੀਗੜ੍ਹ ਨੂੰ 37700/- ਰੁਪਏ ਫੀਸ ਦੀ ਅਦਾਇਗੀ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

(ੲ) ਸੁਪਰੀਮ ਕੋਰਟ, ਨਵੀਂ ਦਿੱਲੀ ਵਿਖੇ Contempt Petition (Civil) No. 113 of 2010 Sanjay Katwal Vs. Dr. A.S. Brar, Vice-Chancellor & Ors. ਦੇ ਕੇਸ ਦੀ ਪੈਰਵੀ ਸਬੰਧੀ ਨਿਯੁਕਤ ਸ੍ਰੀ ਅੰਮ੍ਰਿਤਪਾਲ. ਐਡਵੋਕੇਟ, ਚੰਡੀਗੜ੍ਹ ਨੂੰ 65700/- ਰੁਪਏ ਫੀਸ ਦੀ ਅਦਾਇਗੀ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

| | |
|---|---|
| ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਨੂੰ 25 ਲੱਖ ਰੁਪਏ ਦੀ ਰਾਸ਼ੀ ਵਾਪਸ ਕਰਨ ਦੀ ਪਰਵਾਨਗੀ। | 25. ਵਿਚਾਰ ਉਪਰੰਤ<br><br>**ਪਾਸ ਹੋਇਆ** ਕਿ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿਸਟਰਡ) ਅੰਮ੍ਰਿਤਸਰ ਵੱਲੋਂ 25 ਲੱਖ ਰੁਪਏ ਦਾਨ ਦੀ ਰਾਸ਼ੀ ਨਾਲ ਸਿੰਡੀਕੇਟ ਦੀ ਇੱਕਤਰਤਾ ਮਿਤੀ 5.5.2004 ਦੇ ਪੈਰਾ 20 ਅਨੁਸਾਰ ਇਸ ਯੂਨੀਵਰਸਿਟੀ ਵਿਖੇ ਸਥਾਪਤ 'ਭਗਤ ਪੂਰਨ ਸਿੰਘ ਚੇਅਰ ਆਫ ਸਟੱਡੀਜ਼ ਇਨ ਸੈਲਫਲੈਸ ਸਰਵਿਸ ਆਫ ਹਿਊਮੈਨਿਟੀ' ਸਬੰਧੀ, ਪ੍ਰਧਾਨ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਵੱਲੋਂ ਪ੍ਰਾਪਤ ਪੱਤਰ ਨੰ: 1639/11 ਮਿਤੀ 7.2.2011 (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦਿਆਂ ਉਕਤ ਸੰਸਥਾ ਦੀ 25 ਲੱਖ ਰੁਪਏ ਦੀ ਰਾਸ਼ੀ ਵਾਪਸ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ। |
| ਸਪੋਰਟਸ ਕਮੇਟੀ (ਪੁਰਸ਼ ਅਤੇ ਇਸਤਰੀਆਂ) ਦੀ ਇੱਕਤਰਤਾ ਮਿਤੀ 24.1.2011 ਦੀਆਂ ਸਿਫਾਰਸ਼ਾਂ ਦੀ ਪਰਵਾਨਗੀ। | 26. ਵਿਚਾਰ ਉਪਰੰਤ<br><br>**ਪਾਸ ਹੋਇਆ** ਕਿ ਸਪੋਰਟਸ ਕਮੇਟੀ (ਪੁਰਸ਼ ਅਤੇ ਇਸਤਰੀਆਂ) ਦੀ ਇੱਕਤਰਤਾ ਮਿਤੀ 24.1.2011 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ। |
| ਯੂਨੀਵਰਸਿਟੀ ਪ੍ਰੀਖਿਆਵਾਂ ਸਬੰਧੀ ਅਣ-ਉਚਿਤ ਸਾਧਨਾਂ ਅਤੇ ਦੁਰ-ਵਿਹਾਰ ਦੇ ਕੇਸਾਂ ਦਾ ਨਿਪਟਾਰਾ ਕਰਨ ਲਈ ਸਟੈਂਡਿੰਗ ਕਮੇਟੀ ਨਿਯੁਕਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ। | 27. ਵਿਚਾਰ ਉਪਰੰਤ<br><br>**ਪਾਸ ਹੋਇਆ** ਕਿ ਅਧਿਆਦੇਸ਼ 3.1, ਪੰਨਾ 82, ਯੂਨੀਵਰਸਿਟੀ ਕੈਲੰਡਰ 2008, ਜਿਲਦ ਦੂਜੀ ਅਨੁਸਾਰ ਮਿਤੀ 1.4.2011 ਤੋਂ 31.3.2012 ਤੱਕ, ਇਕ ਸਾਲ ਲਈ ਯੂਨੀਵਰਸਿਟੀ ਪ੍ਰੀਖਿਆਵਾਂ ਸਬੰਧੀ ਅਣ-ਉਚਿਤ ਸਾਧਨਾਂ ਅਤੇ ਦੁਰ-ਵਿਹਾਰ ਦੇ ਕੇਸਾਂ ਦਾ ਨਿਪਟਾਰਾ ਕਰਨ ਵਾਲੀ ਸਟੈਂਡਿੰਗ ਕਮੇਟੀ ਨਿਯੁਕਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ। |
| ਸ੍ਰੀ ਸੁਖਦੇਵ ਪਾਲ ਮਹਿਤਾ, ਸੇਵਾ-ਮੁਕਤ ਸਟਾਫ ਨਰਸ (ਮੇਲ) ਦੀ ਮੁੜ-ਨਿਯੁਕਤੀ ਦੀ ਪੁਸ਼ਟੀ। | 28. ਵਿਚਾਰ ਉਪਰੰਤ<br><br>**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਸੁਖਦੇਵ ਪਾਲ ਮਹਿਤਾ, ਸੇਵਾ-ਮੁਕਤ ਸਟਾਫ ਨਰਸ (ਮੇਲ), ਯੂਨੀਵਰਸਿਟੀ ਹੈਲਥ ਸੈਂਟਰ ਨੂੰ ਮਿਤੀ 25.2.2011 ਤੋਂ 15.5.2011 ਤੱਕ (80 ਦਿਨਾਂ ਲਈ) ਜਾਂ ਅਸਾਮੀ ਪੱਕੇ ਤੌਰ ਤੇ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, 6900/- ਰੁਪਏ ਮਾਸਿਕ ਬਿਲ-ਮੁਕਤਾ ਤਨਖਾਹ ਉੱਤੇ ਹਾਜਰ ਹੋਣ ਦੀ ਮਿਤੀ ਤੋਂ ਕੰਟਰੈਕਟ ਅਧਾਰ ਤੇ ਸਟਾਫ ਨਰਸ (ਮੇਲ) ਵਜੋਂ ਮੁੜ-ਨਿਯੁਕਤ ਕੀਤਾ ਹੈ। |
| ਵੱਖ-ਵੱਖ ਕਾਲਜਾਂ ਵਿਖੇ ਵਿਦਿਆਰਥੀਆਂ ਦੇ ਲੇਟ ਦਾਖਲੇ ਦੀ ਪਰਵਾਨਗੀ। | 29. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ<br><br>**ਪਾਸ ਹੋਇਆ** ਕਿ **ਅੰਤਿਕਾ** ਵਿਚ ਦਰਸਾਏ ਵੱਖ-ਵੱਖ ਕਾਲਜਾਂ ਵਿਖੇ ਵਿਦਿਆਰਥੀਆਂ ਦਾ 5000/- ਰੁਪਏ ਲੇਟ ਫੀਸ ਨਾਲ ਦਾਖਲਾ ਪਰਵਾਨ ਕੀਤਾ ਜਾਂਦਾ ਹੈ। |

ਐਮ.ਬੀ.ਏ. (ਆਨਰਜ਼) ਐਮ.ਆਰ.ਐਮ. ਦੇ ਵਿਦਿਆਰਥੀ ਤਰੁਣਦੀਪ ਸਿੰਘ ਘੁੰਮਣ ਨੂੰ ਵਿਸ਼ੇਸ਼ ਜੁਰਮਾਨੇ ਸਹਿਤ ਖੋਜ ਨਿਬੰਧ ਜਮ੍ਹਾਂ ਕਰਾਉਣ ਦੀ ਪਰਵਾਨਗੀ।

30. ਵਾਈਸ-ਚਾਂਸਲਰ ਸਾਹਿਬ ਦੀ ਸਿਫ਼ਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਐਮ.ਬੀ.ਏ. (ਆਨਰਜ਼) ਐਮ.ਆਰ.ਐਮ., ਸੈਸ਼ਨ 2008 ਦਾ ਵਿਦਿਆਰਥੀ- ਤਰੁਣਦੀਪ ਸਿੰਘ ਘੁੰਮਣ, ਰੋਲ ਨੰ: 880688, ਜੋ ਨਿਸ਼ਚਿਤ ਸਮੇਂ ਅੰਦਰ ਆਪਣਾ ਖੋਜ-ਨਿਬੰਧ ਜਮ੍ਹਾਂ ਨਹੀਂ ਕਰਵਾ ਸਕਿਆ, ਨੂੰ ਬਣਦੀ ਫੀਸ ਤੋਂ ਇਲਾਵਾ 10000/- ਰੁਪਏ ਜੁਰਮਾਨੇ ਸਹਿਤ, ਸਿੰਡੀਕੇਟ ਦੀ ਇਕੱਤਰਤਾ ਦੀ ਮਿਤੀ ਤੋਂ 90 ਦਿਨਾਂ ਦੇ ਅੰਦਰ-ਅੰਦਰ ਖੋਜ-ਨਿਬੰਧ ਜਮ੍ਹਾਂ ਕਰਵਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਡਿਸਟੈਂਸ ਐਜੂਕੇਸ਼ਨ ਅਧੀਨ ਚੱਲ ਰਹੇ ਐਸੋਸੀਏਟ ਇੰਸਟੀਚਿਊਟਸ ਵਿਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਸਟੱਡੀ ਮਟੀਰੀਅਲ ਦੇਣ ਬਾਰੇ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

31. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਿਸਟੈਂਸ ਐਜੂਕੇਸ਼ਨ ਅਧੀਨ ਚੱਲ ਰਹੇ ਐਸੋਸੀਏਟ ਇੰਸਟੀਚਿਊਟਸ ਵਿਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਸਟੱਡੀ ਮਟੀਰੀਅਲ ਦੇਣ ਬਾਰੇ ਵਾਈਸ-ਚਾਂਸਲਰ ਸਾਹਿਬ ਵਲੋਂ ਗਠਿਤ ਕਮੇਟੀ ਦੀਆਂ ਮਿਤੀ 21.1.2011 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਅਸਿਸਟੈਂਟ ਪ੍ਰੋਫੈਸਰ ਇਨ ਫੈਸ਼ਨ ਡਿਜਾਈਨਿੰਗ ਦੀਆਂ ਯੋਗਤਾਵਾਂ ਨਿਰਧਾਰਤ ਕਰਨ ਲਈ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

32. ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਸਿਸਟੈਂਟ ਪ੍ਰੋਫੈਸਰ ਇਨ ਫੈਸ਼ਨ ਡਿਜਾਈਨਿੰਗ ਦੀਆਂ ਯੋਗਤਾਵਾਂ ਨਿਰਧਾਰਤ ਕਰਨ ਲਈ ਵਾਈਸ-ਚਾਂਸਲਰ ਸਾਹਿਬ ਵਲੋਂ ਗਠਿਤ ਕਮੇਟੀ ਦੀਆਂ ਮਿਤੀ 7.3.2011 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਸੈਸ਼ਨ 2011-12 ਤੋਂ ਸਬੰਧਤਾ ਪ੍ਰਾਪਤ ਕਾਲਜਾਂ ਵਿਖੇ ਪੋਸਟ ਗ੍ਰੈਜੂਏਟ ਕਲਾਸਾਂ ਅਤੇ ਯੂਨੀਵਰਸਿਟੀ ਕੈਂਪਸਸ ਅਤੇ ਸਬੰਧਤਾ ਪ੍ਰਾਪਤ ਕਾਲਜਾਂ ਵਿਖੇ ਸਾਂਝੇ ਕੋਰਸਾਂ ਦੇ ਸਿਲੇਬਸ ਸਬੰਧੀ।

33. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਇਸ ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਕਾਲਜਾਂ ਵਿਚ ਸੈਸ਼ਨ 2011-12 ਤੋਂ ਸ਼ੁਰੂ ਕੀਤੇ ਜਾ ਰਹੇ ਸਮੈਸਟਰ ਸਿਸਟਮ ਅਧੀਨ ਪੋਸਟ-ਗ੍ਰੈਜੂਏਟ ਕਲਾਸਾਂ ਦੇ ਸਿਲੇਬਸ ਆਦਿ ਵੱਖ-ਵੱਖ ਬੋਰਡ ਆਫ ਸਟੱਡੀਜ/ਫੈਕਲਟੀ/ਅਕਾਦਮਿਕ ਕੌਂਸਲ ਦੀ ਪਰਵਾਨਗੀ ਦੀ ਆਸ ਤੇ ਪਰਵਾਨ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

(ਅ) ਯੂਨੀਵਰਸਿਟੀ ਕੈਂਪਸਸ ਅਤੇ ਸਬੰਧਤਾ ਪ੍ਰਾਪਤ ਕਾਲਜਾਂ ਵਿਖੇ ਚਲ ਰਹੇ ਸਾਂਝੇ ਕੋਰਸਾਂ ਦਾ ਸਿਲੇਬਸ ਇਕੋ ਹੀ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਸੈਸਨ 2011-12 ਤੋਂ Credit Based Continous Evaluation Grading System ਲਾਗੂ ਕਰਨ ਦੀ ਪਰਵਾਨਗੀ।

34. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2011-12 ਤੋਂ ਯੂਨੀਵਰਸਿਟੀ ਕੈਂਪਸ ਅਤੇ ਇਸ ਨਾਲ ਸਬੰਧਤ ਰਿਜ਼ਨਲ ਕੈਂਪਸਾਂ ਵਿਚ ਚਲਦੇ ਸਾਰੇ ਕੋਰਸਾਂ ਵਿਚ Credit Based Continous Evaluation Grading System ਲਾਗੂ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਸੈਂਟਰ, ਆਨ ਸਟੱਡੀਜ਼ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਹਿਤ ਗਵਰਨਿੰਗ ਬਾਡੀ ਅਤੇ ਐਡਵਾਈਜ਼ਰੀ ਕਮੇਟੀ ਦੀ ਬਣਤਰ ਸਬੰਧੀ ਸੇਧਾਂ ਦੀ ਪਰਵਾਨਗੀ।**

35. ਵਿਚਾਰ ਉਪਰੰਤ

**ਪਾਸ ਹੋਇਆ** ਕਿ ਇਸ ਯੂਨੀਵਰਸਿਟੀ ਵਿਖੇ 'ਸੈਂਟਰ ਆਨ ਸੱਟਡੀਜ਼ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਸਥਾਪਨਾ ਲਈ ਸੈਂਟਰ ਦਾ ਕੰਮ-ਕਾਜ ਚਲਾਉਣ ਹਿਤ ਗਵਰਨਿੰਗ ਬਾਡੀ ਅਤੇ ਐਡਵਾਈਜ਼ਰੀ ਕਮੇਟੀ ਦੀ ਬਣਤਰ ਸਬੰਧੀ ਯੂ.ਜੀ.ਸੀ. ਵੱਲੋਂ ਪ੍ਰਾਪਤ ਪੱਤਰ D.No.F.13-6/2004 (NS/PE) ਮਿਤੀ 3.2.2011 **ਅੰਤਿਕਾ** ਅਨੁਸਾਰ ਸੇਧਾਂ ਪਰਵਾਨ ਕੀਤੀਆਂ ਜਾਂਦੀਆਂ ਹਨ।

ਇਹ ਵੀ **ਪਾਸ ਹੋਇਆ** ਕਿ ਸੈਂਟਰ ਆਨ ਸਟੱਡੀਜ਼ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕੰਮ-ਕਾਜ ਚਲਾਉਣ ਹਿਤ ਗਵਰਨਿੰਗ ਬਾਡੀ ਅਤੇ ਐਡਵਾਈਜ਼ਰੀ ਕਮੇਟੀ ਦੀ ਮਿਆਦ ਦੋ ਸਾਲ ਹੋਵੇਗੀ।

**ਸ੍ਰੀ ਰਾਮ ਲੁਭਾਇਆ ਦੀ ਸਹਾਇਕ ਰਜਿਸਟਰਾਰ ਵਜੋਂ ਪੱਦ-ਉਨਤੀ ਦੀ ਪੁਸ਼ਟੀ।**

36. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨਾਂ ਨੇ ਸ੍ਰੀ ਰਾਮ ਲੁਭਾਇਆ, ਨਿਗਰਾਨ, ਯੂਨੀਵਰਸਿਟੀ ਕਾਲਜ, ਜਲੰਧਰ ਨੂੰ ਸ੍ਰੀਮਤੀ ਤੇਜਿੰਦਰ ਕੌਰ, ਸਹਾਇਕ ਰਜਿਸਟਰਾਰ ਦੀ ਖਾਲ੍ਹੀ ਹੋਈ ਅਸਾਮੀ ਉੱਤੇ ਰੁ. 10300-34800+ 5400 ਗ੍ਰੇਡ ਪੇ ਦੇ ਤਨਖਾਹ ਸਕੇਲ ਵਿਚ ਡਿਊਟੀ ਤੇ ਹਾਜਰ ਹੋਣ ਦੀ ਮਿਤੀ ਤੋਂ ਆਫੀਸ਼ੀਏਟਿੰਗ ਅਰੇਂਜਮੈਂਟ ਅਧੀਨ ਸਹਾਇਕ ਰਜਿਸਟਰਾਰ ਵਜੋਂ ਪੱਦ-ਉਨਤ ਕੀਤਾ ਹੈ।

**ਸੇਵਾ-ਮੁਕਤੀ ਤੋਂ ਪਹਿਲਾਂ ਵਾਲੀ ਅਸਾਮੀ ਤੇ Continue ਕੀਤੇ ਗਏ ਅਧਿਆਪਕਾਂ ਸਬੰਧੀ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ।**

37. ਅਧਿਆਪਕਾਂ ਦੀ ਸੇਵਾ-ਮੁਕਤੀ ਦੀ ਹੱਦ ਵਿਚ 60 ਸਾਲ ਤੋਂ 65 ਸਾਲ ਤੱਕ ਵਾਧਾ ਕਰਨ ਸਬੰਧੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ Writ Petition No. CWP No. 9665 of 2010 ਸਬੰਧੀ ਜਾਰੀ ਅੰਤ੍ਰਿਮ ਆਦੇਸ਼ਾਂ ਨੂੰ ਮੁੱਖ ਰੱਖਦਿਆਂ ਸਿੰਡੀਕੇਟ ਦੀ ਇੱਕਤਰਤਾ ਮਿਤੀ 25.1.2011 ਦੇ ਪੈਰਾ 9 ਰਾਹੀਂ ਸੇਵਾ-ਮੁਕਤੀ ਤੋਂ ਪਹਿਲਾਂ ਵਾਲੀ ਅਸਾਮੀ ਤੇ continue ਕੀਤੇ ਗਏ ਅਧਿਆਪਕਾਂ ਸਬੰਧੀ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਉਕਤ ਰਿਟ ਪਟੀਸ਼ਨ ਦੇ ਨਿਰਣੇ ਮਿਤੀ 4.3.2011 ਨੂੰ ਮੁੱਖ ਰੱਖਦਿਆਂ ਵਾਈਸ-ਚਾਂਸਲਰ ਸਾਹਿਬ ਦੇ ਹੇਠ ਲਿਖੇ ਆਦੇਸ਼ਾਂ ਦੀ ਪੁਸ਼ਟੀ ਕਰਨ ਤੇ ਵਿਚਾਰ ਹੋਈ:-

1. CWP No. 9665 of 2010 ਤੇ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਅੰਤ੍ਰਿਮ ਆਦੇਸ਼ ਮਿਤੀ 4.10.2010 ਦੀ ਲੋਅ ਵਿਚ ਵਾਈਸ-ਚਾਂਸਲਰ ਜੀ ਵੱਲੋਂ ਪਟੀਸ਼ਨਰ ਸੇਵਾ-ਮੁਕਤ ਅਧਿਆਪਕਾਂ ਦੀ ਸਰਵਿਸ ਵਿੱਚ ਕੰਨਟੀਨਿਊਟੀ ਰੱਖਣ ਸਬੰਧੀ ਜਾਰੀ ਆਦੇਸ਼ਾਂ ਅਨੁਸਾਰ ਅਮਲਾ ਸ਼ਾਖਾ ਦੇ ਪਿੱਠ ਅੰਕਣ ਨੰ: 22737-53/ਅਮਲਾ/ਏ-1 ਮਿਤੀ 19.11.2010 ਰਾਹੀਂ ਜਾਰੀ ਕੀਤੇ ਗਏ ਦਫਤਰੀ ਆਦੇਸ਼ ਰੱਦ ਕੀਤੇ ਜਾਂਦੇ ਹਨ।

2. ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਣ ਪ੍ਰਾਪਤ ਹੋਏ ਮੁਕੰਮਲ ਫੈਸਲੇ ਮਿਤੀ 4.3.2011 ਦੀ ਲੋਅ ਵਿੱਚ ਹੇਠ ਲਿਖੇ ਸੇਵਾ-ਮੁਕਤ ਪਟੀਸ਼ਨਰ ਅਧਿਆਪਕਾਂ ਦੀ ਸਰਵਿਸ ਵਿੱਚ ਪਹਿਲੀ ਅਸਾਮੀ ਤੇ ਰੱਖੀ ਗਈ ਕੰਨਟੀਨਿਊਟੀ ਤੁਰੰਤ ਖਤਮ ਕੀਤੀ ਜਾਂਦੀ ਹੈ।
   (a) ਡਾ. ਪ੍ਰੇਮ ਸਾਗਰ ਸ਼ਰਮਾ, ਪ੍ਰੋਫੈਸਰ, ਵਿਦੇਸ਼ੀ ਭਾਸ਼ਾਵਾਂ ਵਿਭਾਗ
   (b) ਡਾ. ਧਰਮ ਸਿੰਘ, ਪ੍ਰੋਫੈਸਰ, ਸਕੂਲ ਆਫ ਪੰਜਾਬੀ ਸਟੱਡੀਜ਼
   (c) ਡਾ. ਭਗਵੰਤ ਕੌਰ, ਪ੍ਰੋਫੈਸਰ, ਸੰਗੀਤ ਵਿਭਾਗ
   (d) ਡਾ. ਐਚ.ਐਸ. ਬੇਦੀ, ਪ੍ਰੋਫੈਸਰ, ਹਿੰਦੀ ਵਿਭਾਗ
   (e) ਡਾ. ਐਸ.ਐਸ. ਬਿੰਦਰਾ, ਪ੍ਰੋਫੈਸਰ, ਪੋਲੀਟੀਕਲ ਸਾਇੰਸ ਵਿਭਾਗ

3. ਡਾ. ਐਚ.ਐਸ. ਸੰਧੂ, ਪ੍ਰੋਫੈਸਰ, ਕਮਰਸ ਅਤੇ ਬਿਜਨੈਸ ਮੈਨੇਜਮੈਂਟ ਵਿਭਾਗ ਜੋ ਮੁੜ-ਨਿਯੁਕਤੀ ਉਪਰੰਤ ਅਸਤੀਫਾ ਦੇ ਗਏ ਸਨ ਅਤੇ ਡਾ. ਐਚ.ਐਸ. ਸਿੱਧੂ, ਪ੍ਰੋਫੈਸਰ, ਇਕਨਾਮਿਕਸ ਵਿਭਾਗ ਸਬੰਧੀ ਕੋਰਟ ਵੱਲੋਂ ਕੰਨਟੀਨਿਊਟੀ ਜਾਰੀ ਰੱਖਣ ਦੇ ਆਦੇਸ਼ ਖਤਮ ਸਮਝੇ ਜਾਣਗੇ।

4. ਇਨ੍ਹਾਂ ਅਧਿਆਪਕਾਂ ਸਬੰਧੀ ਸੇਵਾ-ਮੁਕਤੀ ਦੇ ਲਾਭ ਵਾਪਸ ਲੈਣ ਲਈ ਜਾਰੀ ਆਦੇਸ਼ਾਂ ਤੇ CWP No. 9665 of 2010 ਦੇ ਮੌਜੂਦਾ ਫੈਸਲੇ ਦੀ ਲੋਅ ਵਿਚ ਹੁਣ ਕੋਈ ਕਾਰਵਾਈ ਕਰਨੀ ਨਹੀਂ ਬਣਦੀ।

5. Sr. No. 2 ਅਤੇ 3 ਤੇ ਵਰਣਿਤ ਇਨ੍ਹਾਂ 7 ਅਧਿਆਪਕਾਂ ਨੂੰ ਸੇਵਾ-ਮੁਕਤੀ ਦੇ ਰਹਿੰਦੇ ਲਾਭ ਜਾਰੀ ਕੀਤੇ ਜਾਣ।

ਹੇਠ ਲਿਖੇ ਨੋਟ ਤੇ ਵੀ ਵਿਚਾਰ ਹੋਈ:-

ਨੋਟ 1:- CWP No. 9665 of 2010 ਸਬੰਧੀ ਹਾਈ ਕੋਰਟ ਵੱਲੋਂ ਦਿੱਤੇ ਨਿਰਣੇ ਦਾ ਮੁੱਖ ਅੰਸ਼ ਹੇਠ ਲਿਖੇ ਅਨੁਸਾਰ ਹੈ:-

"25. The Writ petition are dismissed. Interim orders wherever granted stand vacated. It is made clear that this order will not debar the revision of age by the State Government/State Universitites or the Punjab University."

ਨੋਟ 2:- ਉਕਤ ਕੇਸ ਵਿਚ ਯੂਨੀਵਰਸਿਟੀ ਦੇ ਕਾਨੂੰਨੀ ਸਲਾਹਕਾਰ ਸ੍ਰੀ ਅੰਮ੍ਰਿਤਪਾਲ ਦੀ ਰਾਏ ਹੇਠ ਲਿਖੇ ਅਨੁਸਾਰ ਹੈ:-

"The services of all employees of GNDU working in GNDU beyond their normal retirement age under the said interim orders (without getting any salary) shall have to be terminated now because of this judgement dated 4.3.2011, as our Statutes do not permit their such continuance."

**ਪਾਸ ਹੋਇਆ** ਕਿ ਅਧਿਆਪਕਾਂ ਦੀ ਸੇਵਾ-ਮੁਕਤੀ ਦੀ ਹੱਦ ਵਿਚ 60 ਸਾਲ ਤੋਂ 65 ਸਾਲ ਤੱਕ ਵਾਧਾ ਕਰਨ ਸਬੰਧੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ Writ Petition No. CWP No. 9665 of 2010 ਦਾ ਨਿਰਣਾ ਮਿਤੀ 4.3.2011 ਨੂੰ ਮੁੱਖ ਰੱਖਦਿਆਂ ਵਾਈਸ-ਚਾਂਸਲਰ ਸਾਹਿਬ ਦੇ ਉਕਤ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ।

**ਸ੍ਰੀ ਕਰਨੈਲ ਸਿੰਘ ਵਿਰਦੀ, ਨਿਗਰਾਨ ਇੰਜੀਨੀਅਰ (ਸੇਵਾ-ਮੁਕਤ) ਦੀ ਤਕਨੀਕੀ ਸਲਾਹਕਾਰ ਅਤੇ ਨਿਗਰਾਨ ਇੰਜੀਨੀਅਰ ਵਜੋਂ ਨਿਯੁਕਤੀ ਵਿਚ ਵਾਧੇ ਦੀ ਪੁਸ਼ਟੀ।**

38. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਕਰਨੈਲ ਸਿੰਘ ਵਿਰਦੀ, ਨਿਗਰਾਨ ਇੰਜੀਨੀਅਰ (ਸੇਵਾ-ਮੁਕਤ) ਦੀ ਯੂਨੀਵਰਸਿਟੀ ਦੇ ਇੰਜੀਨੀਰਿੰਗ ਵਿਭਾਗ ਵਿਖੇ ਤਕਨੀਕੀ ਸਲਾਹਕਾਰ ਅਤੇ ਨਿਗਰਾਨ ਇੰਜੀਨੀਅਰ ਵਜੋਂ ਨਿਯੁਕਤੀ ਦੀ ਮਿਆਦ ਵਿਚ ਮਿਤੀ 16.3.2011 ਤੋਂ 15.3.2012 ਤੱਕ ਇਕ ਸਾਲ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਵਾਧਾ ਕੀਤਾ ਹੈ।

**ਸਬੰਧਤ ਉਮੀਦਵਾਰਾਂ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪੁਸ਼ਟੀ।**

39. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਸੁਰਿੰਦਰ ਪਾਲ ਕੌਰ | ਬਲਵੰਤ ਗਾਰਗੀ ਦੇ ਨਾਟਕ: ਲੋਕਧਾਰਾਈ ਸਮੱਗਰੀ ਦਾ ਰੂਪਾਂਤਰਣ। | ਪੰਜਾਬੀ- ਲੈਂਗੂਏਜ਼ਿਜ ਫੈਕਲਟੀ। |
| 2. | ਗੁਰਵੰਤ ਸਿੰਘ | ਪੰਜਾਬੀ ਲੋਕ ਖਿਡੌਣੇ : ਸਮਾਜ-ਮਨੋਵਿਗਿਆਨਕ ਅਧਿਐਨ। | - ਉਹੀ - |
| 3. | ਹਰੀ ਸ਼ੰਕਰ ਕੁਮਾਰ | The Study of Contents and Expression in the Fiction of Abdul Bismillah. | ਹਿੰਦੀ- ਲੈਂਗੂਏਜ਼ਿਜ ਫੈਕਲਟੀ। |
| 4. | ਪ੍ਰਿਅੰਕਾ ਸ਼ਰਮਾ | Krishna Sobti's Fiction: In the Perspective of Changing Human Values. | - ਉਹੀ - |
| 5. | ਮੋਨਿਕਾ | A Socio-Cultural Study of Chanderkanta's Novels. | - ਉਹੀ - |
| 6. | ਲਿਆਕਤ ਹੁਸੈਨ | Krishan Chandra ke Afsane: Romani Haqiqat Pasandi ke A'ine Mein | ਉਰਦੂ- ਲੈਂਗੂਏਜ਼ਿਜ ਫੈਕਲਟੀ। |
| 7. | ਸ਼ੈਲੀ | Underpricing of Initial Public Offerings in India. | ਕਾਮਰਸ- ਇਕਨਾਮਿਕਸ ਤੇ ਬਿਜਨੈਸ ਫੈਕਲਟੀ। |
| 8. | ਅਕਾਸ਼ਦੀਪ ਸਿੰਘ | Total Quality Management Practices: A study of Management Institutes in Punjab. | ਬਿਜਨੈਸ ਐਡਮਿਨਸਟ੍ਰੇਸ਼ਨ- ਇਕਨਾਮਿਕਸ ਤੇ ਬਿਜਨੈਸ ਫੈਕਲਟੀ। |
| 9. | ਮੋਹਿਤ ਗੁਪਤਾ | Mutual Fund selection Behaviour-A Comparative Study of Retail and Non-Retail Investors. | - ਉਹੀ - |
| 10. | ਕਮਲਜੀਤ ਕੌਰ | Reproductive Health of Adolescent Girls- A Sociological Study of Amritsar City. | ਸੋਸ਼ਿਆਲੋਜੀ- ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ। |
| 11. | ਜਗਦੀਪ ਕੁਮਾਰ | Organisation and Working of Department of Labour (Punjab) in Labour-Management Relations. | ਪੋਲੀਟੀਕਲ ਸਾਇੰਸ- ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ। |
| 12. | ਹਰਜੀਤ ਸਿੰਘ | Sikh Ethno-National Upsurge and State Response (1978-1992). | - ਉਹੀ - |
| 13. | ਤਿਲਕ ਰਾਜ | Investigations on Some Synthetically Useful and Mechanistically Interesting Thermal and Photochemical Cycloadditions. | ਫਰਮਾਸਿਊਟੀਕਲ ਸਾਇੰਸ- ਅਪਲਾਈਡ ਸਾਇੰਸਜ਼ ਫੈਕਲਟੀ। |
| 14. | ਚੰਦਰ ਪ੍ਰਕਾਸ਼ | Fuzzy and Non-fuzzy Measures of Information and Their Applications to Queuing Theory. | ਮੈਥੇਮੈਟਿਕਸ- ਸਾਇੰਸਜ਼ ਫੈਕਲਟੀ। |

| | | | |
|---|---|---|---|
| 15. | ਹਰਪ੍ਰੀਤ ਕੌਰ | Influence of Serine Plant Protease Inhibitors on the Growth, Survival and Activities of some Enzymes of Bactrocera cucurbitae (coq.) (Diptera : Tephritidae). | ਜ਼ੂਆਲੌਜੀ– ਲਾਈਫ ਸਾਇੰਸਜ਼ ਫੈਕਲਟੀ। |
| 16. | ਗੁਰਮੀਤ ਕੌਰ | Theoretical Investigations for Optimizing System Parameters of Optical Dense Wavelength Division Multiplexed Systems. | ਇਲੈਕਟ੍ਰੋਨਿਕਸ ਟੈਕਨਾਲੋਜੀ– ਇੰਜੀਨੀਅਰਿੰਗ ਤੇ ਟੈਕਨਾਲੋਜੀ ਫੈਕਲਟੀ। |
| 17. | ਸੰਦੀਪ ਸ਼ਰਮਾ | On a Class of Multistage Interconnection Networks in Parallel Processing. | ਕੰਪਿਊਟਰ ਸਾਇੰਸ– ਇੰਜੀਨੀਅਰਿੰਗ ਤੇ ਟੈਕਨਾਲੋਜੀ ਫੈਕਲਟੀ। |
| 18. | ਸਰੂਚੀ | Satish Gujral Ka Bhartiya Kala Ke Vikas Mein Yogdan (1947 Se 2000 Tak.) | ਫਾਈਨ ਆਰਟਸ– ਵਿਜ਼ੂਅਲ ਤੇ ਪ੍ਰਫਾਰਮਿੰਗ ਆਰਟਸ ਫੈਕਲਟੀ। |
| 19. | ਬਿੰਦੂ ਸ਼ਰਮਾ | Personality Profile of Creative Adolescents in relation to Intelligence, Family Climate and Attitude. | ਐਜੂਕੇਸ਼ਨ– ਐਜੂਕੇਸ਼ਨ ਫੈਕਲਟੀ। |
| 20. | ਜਸਵਿੰਦਰ ਕੌਰ | ਪੰਡਿਤ ਈਸ਼ਰ ਸਿੰਘ ਦਾ ਜੀਵਨ ਤੇ ਰਚਨਾਵਾਂ: ਵਿਸ਼ਲੇਸ਼ਣਾਤਮਕ ਅਧਿਐਨ। | ਰਿਲੀਜਸ ਸਟੱਡੀਜ਼– ਹਿਊਮੈਨਟੀਜ਼ ਤੇ ਰਿਲੀਜਸ ਸਟੱਡੀਜ਼ ਫੈਕਲਟੀ। |
| 21. | ਕਸ਼ਮੀਰ ਸਿੰਘ | An Analysis of Resource Use And Farm Earnings in Sub-Mountainous Punjab. | ਇਕਨਾਮਿਕਸ– ਇਕਨਾਮਿਕਸ ਤੇ ਬਿਜਨੈਸ ਫੈਕਲਟੀ। |
| 22. | ਕਿਰਨ | 1850 ਤੋਂ 1900 ਤੱਕ ਦੀ ਪੰਜਾਬੀ ਵਾਰਤਕ ਦੀਆਂ ਭਾਸ਼ਾਈ ਜੁਗਤਾਂ। | ਪੰਜਾਬੀ– ਲੈਂਗੂਏਜ਼ਿਜ ਫੈਕਲਟੀ। |
| 23. | ਹਰਮੀਤ ਕੌਰ | ਪੰਜਾਬੀ ਵਿਆਹ ਨਾਲ ਸੰਬਧਤ ਰਸਮਾਂ ਦਾ ਚਿਹਨ ਵਿਗਿਆਨਕ ਅਧਿਐਨ। | – ਉਹੀ – |
| 24. | ਨਰੇਸ਼ ਕੁਮਾਰ | ਵੀਹਵੀਂ ਸਦੀ ਦੇ ਅੰਤਲੇ ਦੋ ਦਹਾਕਿਆਂ ਦਾ ਮਾਰਕਸਵਾਦੀ ਪੰਜਾਬੀ ਸਾਹਿਤ ਚਿੰਤਨ: ਤੁਲਨਾਤਮਕ ਤੇ ਇਤਿਹਾਸ–ਮੂਲਕ ਅਧਿਐਨ। | – ਉਹੀ – |
| 25. | ਮਿੰਨੀ ਸਲਵਾਨ | ਭਾਈ ਵੀਰ ਸਿੰਘ ਦੇ ਨਾਵਲਾਂ ਦੀ ਵਾਕ ਵਿਉਂਤ। | – ਉਹੀ – |
| 26. | ਦੀਪਤੀ | Contribution of Post Mediaeval Hindi Literature of Punjab to Hindi Riti Literature. | ਹਿੰਦੀ– ਲੈਂਗੂਏਜ਼ਿਜ਼ ਫੈਕਲਟੀ। |
| 27. | ਰਜਨੀਸ਼ ਧਵਨ | Semiotics of Conceptual Structures in Aristotle's poetics and Bharata's Natyashastra. | ਅੰਗਰੇਜੀ– ਲੈਂਗੂਏਜ਼ਿਜ ਫੈਕਲਟੀ। |
| 28. | ਚਰਨਜੀਤ ਸਿੰਘ | Grammaticlisation of Interpersonal Meanings in the Indian and British Newspapers in English: A Systemic Functional Analysis of Selected News-reports and Editorials. | – ਉਹੀ – |

| | | | |
|---|---|---|---|
| 29. | ਕੁਸਮ ਲਤਾ | Philosophical Perspective of Beatitude in Guru Granth Sahib. | ਫਿਲਾਸਫੀ– ਹਿਊਮੈਨਟੀਜ਼ ਤੇ ਰਿਲੀਜਸ ਸਟੱਡੀਜ਼ ਫੈਕਲਟੀ। |
| 30. | ਸੁਖਦੇਵ ਸਿੰਘ | ਅਠਾਰਵੀਂ ਸਦੀ ਦੇ ਪੰਜਾਬੀ ਸੂਫੀ ਅਤੇ ਕਿੱਸਾ–ਕਾਵਿ ਦੀ ਸ਼ਬਦ–ਬਣਤਰ। | ਪੰਜਾਬੀ– ਲੈਂਗੂਏਜ਼ਿਜ ਫੈਕਲਟੀ। |
| 31. | ਹਰਜਿੰਦਰ ਕੌਰ | ਪੰਜਾਬੀ ਸਾਹਿਤ ਉਪਰ ਉਰਦੂ ਸਾਹਿਤ ਦਾ ਪ੍ਰਭਾਵ (1850–1975 ਈ.) | ਪੰਜਾਬੀ– ਲੈਂਗੂਏਜ਼ਿਜ ਫੈਕਲਟੀ। |
| 32. | ਦਵਿੰਦਰ ਕੌਰ | ਰਾਮ ਸੁਖ ਰਾਉ ਦੀਆਂ ਵਾਰਤਕ ਰਚਨਾਵਾਂ: ਭਾਸ਼ਾਈ ਅਧਿਐਨ। | – ਉਹੀ – |
| 33. | ਸੁਖਵਿੰਦਰ ਸਿੰਘ | ਅਜਾਇਬ ਕਮਲ ਦੇ ਕਾਵਿ–ਨਾਟਕ: ਵਿਧਾਗਤ ਅਧਿਐਨ। | – ਉਹੀ – |
| 34. | ਸੀਮਾ ਬਾਵਾ | Shiv Parivar Sambandhi Hindi-Kavya Ka Lok-Sanskritik Adhayayan (Adhunik Prabandh kavyon ke Sandarbh mein) | ਹਿੰਦੀ– ਲੈਂਗੂਏਜ਼ਿਜ ਫੈਕਲਟੀ। |
| 35. | ਮੁਨੀਸ਼ ਯਾਦਵ | Impact of Liberalization on Industrial Concentration in India. | ਇਕਨਾਮਿਕਸ– ਇਕਨਾਮਿਕਸ ਤੇ ਬਿਜਨੈਸ ਫੈਕਲਟੀ। |
| 36. | ਰੀਨਾ ਕੋਹਲੀ | Evaluating Strategic Factors Influencing Value Creation in Mergers and Acquisitions. | ਕਮਰਸ– ਇਕਨਾਮਿਕਸ ਤੇ ਬਿਜਨੈਸ ਫੈਕਲਟੀ। |
| 37. | ਮਾਸ਼ਾ ਸੋਨਦੀਪ | Emerging Trends in Indian Retailing: Strategies for Successful Management. | – ਉਹੀ – |
| 38. | ਨਿਰਮਲਜੀਤ ਕੌਰ | Concept of Human Rights in Guru Nanak Bani. | ਫਿਲਾਸਫੀ– ਹਿਊਮੈਨਟੀਜ਼ ਤੇ ਰਿਲੀਜਸ ਸਟੱਡੀਜ਼ ਫੈਕਲਟੀ। |
| 39. | ਸਰਵਨ ਸਿੰਘ | Electronic Databases and their Impact on the Library Services with Special Reference to Canada: A Survey. | ਲਾਇਬ੍ਰੇਰੀ ਤੇ ਇਨਫਰਮੇਸ਼ਨ ਸਾਇੰਸ– ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ। |
| 40. | ਰਾਜੀਵ ਕੁਮਾਰ | A Study of Functional Properties of Ion-Sensors for Selective Cation/Anion Recognition. | ਕੈਮਿਸਟਰੀ– ਸਾਇੰਸਜ਼ ਫੈਕਲਟੀ। |
| 41. | ਪ੍ਰੇਮ ਸਾਗਰ ਗਰੋਵਰ | Vaggeyakar ke roop mein Pandit Ganesh Prasad Sharma Ji ka Hindustani Shastriya Sangeet ko Yogdan. | ਮਿਊਜ਼ਿਕ– ਵਿਜ਼ੂਅਲ ਆਰਟਸ ਤੇ ਪ੍ਰਫਾਰਮਿੰਗ ਆਰਟਸ ਫੈਕਲਟੀ। |
| 42. | ਸ਼ਾਲਿਨੀ ਬਹਿਲ | Synthesis and Characterization of Sm/Bi Co-substituted $Ba_4 La_{9,33} Ti_{18} O_{54}$ Microwave Dielectric Ceramics at 0.3 to 3 GHZ. | ਇਲੈਕਟ੍ਰੋਨਿਕਸ ਟੈਕਨਾਲੋਜੀ– ਇੰਜੀਨੀਅਰਿੰਗ ਤੇ ਟੈਕਨਾਲੌਜੀ ਫੈਕਲਟੀ। |
| 43. | ਜਸਵਿੰਦਰ ਸਿੰਘ | On Performance Enhancement of Optical CDMA Based Fiber-Optic Communications Systems. | – ਉਹੀ – |
| 44. | ਇੰਦੂ ਕੁਮਾਰੀ | The Effect of Creativity, Intelligence and Artistic Aptitude on Achievement in Art and Painting. | ਐਜੂਕੇਸ਼ਨ– ਐਜੂਕੇਸ਼ਨ ਫੈਕਲਟੀ। |

| | | |
|---|---|---|
| 45. ਹਰਸਿਮਰਨ ਕੌਰ | Risk Factor Assessment for Coronary Artery Disease in Diabetic Patient. | ਹਿਊਮਨ ਜੈਨੇਟਿਕਸ-ਲਾਈਫ ਸਾਇੰਸਜ਼ ਫੈਕਲਟੀ। |

ਰਜਿਸਟਰਾਰ ਦੀ ਅਸਾਮੀ ਲਈ ਮਿਤੀ 1.1.2006 ਤੋਂ ਸੋਧਿਆ ਤਨਖਾਹ ਸਕੇਲ ਲਾਗੂ ਕਰਨ ਦੀ ਪਰਵਾਨਗੀ।

40. ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਸਰਕਾਰ, ਉਚੇਰੀ ਸਿੱਖਿਆ ਵਿਭਾਗ ਵੱਲੋਂ ਪ੍ਰਾਪਤ ਪੱਤਰ ਨੰ: 10/3/2009-3ਸਿ.1(5ਸਿ.1)/602 ਮਿਤੀ 3.3.2011 ਰਾਹੀਂ ਮਨਿਸਟਰੀ ਆਫ ਹਿਊਮਨ ਰਿਸੋਰਸ ਡਿਵੈਲਪਮੈਂਟ ਵੱਲੋਂ ਜਾਰੀ ਛੇਵੇਂ ਕੇਂਦਰੀ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਨਾਲ ਸਬੰਧਤ ਸੋਧੇ ਤਨਖਾਹ ਸਕੇਲਾਂ ਸਬੰਧੀ ਜਾਰੀ ਨੋਟੀਫਿਕੇਸ਼ਨ ਨੰ:1-32/2006-U.II/U.I(ii) ਮਿਤੀ 31.12.2008 (**ਅੰਤਿਕਾ** ਅਨੁਸਾਰ) ਅਡਾਪਟ ਕਰਦਿਆਂ ਇਸ ਯੂਨੀਵਰਸਿਟੀ ਵਿਖੇ ਰਜਿਸਟਰਾਰ ਦੀ ਅਸਾਮੀ ਲਈ ਮਿਤੀ 1.1.2006 ਤੋਂ ਪੇ ਬੈਂਡ ਰੁਪਏ 37400-67000 +10000 AGP ਪਰਵਾਨ ਕੀਤਾ ਜਾਂਦਾ ਹੈ।

ਐਮ.ਫਿਲ. ਦੇ ਵਰਤਮਾਨ ਅਧਿਆਦੇਸ਼ ਰਿਵਿਊ ਕਰਨ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

41. ਵਿਚਾਰ ਉਪਰੰਤ

**ਪਾਸ ਹੋਇਆ** ਕਿ ਐਮ.ਫਿਲ. ਦੇ ਵਰਤਮਾਨ ਅਧਿਆਦੇਸ਼ ਰਿਵਿਊ ਕਰਨ ਹਿਤ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 8.11.2010 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਯੂਨੀਵਰਸਿਟੀ ਵਿਦਿਆਰਥੀਆਂ ਤੋਂ ਲਈ ਜਾਂਦੀ ਟਿਊਸ਼ਨ ਫੀਸ, ਪ੍ਰੀਖਿਆ ਫੀਸ ਅਤੇ ਕਾਲਜਾਂ ਵੱਲੋਂ ਜਮਾਂ ਕਰਵਾਈ ਜਾਣ ਵਾਲੀ ਰਜਿਸਟ੍ਰੇਸ਼ਨ ਫੀਸ ਵਿਚ ਸੋਧ।

42. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2011-12 ਤੋਂ ਯੂਨੀਵਰਸਿਟੀ ਵਿਦਿਆਰਥੀਆਂ ਤੋਂ ਲਈ ਜਾਂਦੀ ਟਿਊਸ਼ਨ ਫੀਸ, ਪ੍ਰੀਖਿਆਰਥੀਆਂ ਤੋਂ ਲਈ ਜਾਂਦੀ ਪ੍ਰੀਖਿਆ ਫੀਸ ਅਤੇ ਕਾਲਜਾਂ ਵੱਲੋਂ ਜਮਾਂ ਕਰਵਾਈ ਜਾਣ ਵਾਲੀ ਰਜਿਸਟ੍ਰੇਸ਼ਨ ਫੀਸ ਆਦਿ ਸਬੰਧੀ ਸੋਧ ਹਿਤ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਬਾਬਾ ਬਕਾਲਾ (ਸਠਿਆਲਾ) ਅਤੇ ਸੁਲਤਾਨਪੁਰ ਲੋਧੀ ਵਿਖੇ ਨਵਾਂ ਰਿਜਨਲ ਕੈਂਪਸ ਖੋਲਣ ਦੀ ਪਰਵਾਨਗੀ।

43. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸੈਸ਼ਨ 2011-12 ਤੋਂ ਬਾਬਾ ਬਕਾਲਾ (ਸਠਿਆਲਾ) ਵਿਖੇ ਰਿਜਨਲ ਕੈਂਪਸ ਖੋਲਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

(ਅ) ਸੈਸ਼ਨ 2011-12 ਤੋਂ ਸੁਲਤਾਨਪੁਰ ਲੋਧੀ ਵਿਖੇ ਰਿਜਨਲ ਕੈਂਪਸ ਖੋਲਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

(ੲ) ਉਕਤ ਦੋਹਾਂ ਰਿਜਨਲ ਕੈਂਪਸਾਂ ਵਿਖੇ ਸੈਸ਼ਨ 2011-12 ਤੋਂ ਕਲਾਸਾਂ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।।

ਇਹ **ਨੋਟ** ਕੀਤਾ ਕਿ ਉਕਤ (ੳ) ਅਧੀਨ ਕੈਂਪਸ ਖੋਲਣ ਲਈ ਪੰਜਾਬ ਸਰਕਾਰ ਵੱਲੋਂ 9 ਕਰੋੜ ਰੁਪਏ ਦੀ ਗ੍ਰਾਂਟ ਪਰਵਾਨ ਕੀਤੀ ਗਈ ਹੈ।

**ਸਬੰਧਤ ਉਮੀਦਵਾਰ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।**

44. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰ ਨੂੰ, ਉਸ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਮਨਮੀਤ ਪਾਲ ਸਿੰਘ | Preparation and Characterization of Nanocrystalline Tin Oxide: A Novel Material for Gas Sensors. | ਫਿਜਿਕਸ- ਸਾਇੰਸਜ਼ ਫੈਕਲਟੀ |

**ਸੈਸ਼ਨ 2011-12 ਤੋਂ ਬੀ.ਪੀ.ਐਡ. ਅਤੇ ਐਮ.ਪੀ.ਐਡ. ਕਲਾਸਾਂ ਦੀਆਂ ਸੀਟਾਂ ਵਿਚ ਵਾਧਾ ਕਰਨ, ਦਾਖਲਾ ਯੋਗਤਾ ਵਿਚ ਤਬਦੀਲੀ ਅਤੇ ਐਂਟਰੈਂਸ ਟੈਸਟ ਸਮਾਪਤ ਕਰਨ ਦੀ ਪਰਵਾਨਗੀ।**

45. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2011-12 ਤੋਂ ਬੀ.ਪੀ.ਐਡ. ਅਤੇ ਐਮ.ਪੀ.ਐਡ. ਕਲਾਸਾਂ ਦੀਆਂ ਸੀਟਾਂ ਵਿੱਚ ਵਾਧਾ ਕਰਨ, ਬੀ.ਪੀ.ਐਡ. (ਇੱਕ ਸਾਲ) ਕੋਰਸ ਵਿੱਚ ਦਾਖਲੇ ਲਈ ਯੋਗਤਾ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰਬਰ 13/11/2010-6Edu.1/1159-1166, ਮਿਤੀ 28.5.2010 ਦੇ ਅਨੁਸਾਰ ਲਾਗੂ ਕਰਨ, ਐਮ.ਪੀ.ਐਡ. (ਦੋ ਸਾਲ) ਕੋਰਸ ਵਿੱਚ ਦਾਖਲਾ ਯੋਗਤਾ ਵਿਚ ਤਬਦੀਲੀ ਕਰਨ, ਬੀ.ਪੀ.ਐਡ. ਅਤੇ ਐਮ.ਪੀ.ਐਡ. ਕੋਰਸ ਦੇ ਦਾਖਲੇ ਸਬੰਧੀ ਲਿਖਤੀ ਐਂਟਰੈਂਸ ਟੈਸਟ ਸਮਾਪਤ ਕਰਨ ਅਤੇ ਮੈਰਿਟ ਨਿਰਧਾਰਤ ਕਰਨ ਲਈ ਸੋਧਿਆ ਪੈਮਾਨਾਂ ਅਪਨਾਉਣ ਸਬੰਧੀ ਬੋਰਡ ਆਫ ਕੰਟਰੋਲ ਦੀ ਮਿਤੀ 9.3.2011 ਦੀ ਇੱਕਤਰਤਾ ਦੀਆਂ ਸਿਫਾਰਸ਼ਾਂ **ਅੰਤਿਕਾਵਾਂ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

**ਸਬੰਧਤ ਉਮੀਦਵਾਰ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।**

46. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰ ਨੂੰ, ਉਸ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਜਤਿੰਦਰ ਕੁਮਾਰ | On Certain Applications of Fractal and Wavelet Methods for Data Analysis. | ਗਣਿਤ- ਸਾਇੰਸਜ਼ ਫੈਕਲਟੀ |

ਧੰਨਵਾਦ ਦੇ ਮਤੇ ਨਾਲ ਇੱਕਤਰਤਾ ਸਮਾਪਤ ਹੋਈ।

(ਇੰਦਰਜੀਤ ਸਿੰਘ)
ਰਜਿਸਟਰਾਰ

<u>ਪੱਕੀ ਕੀਤੀ ਗਈ</u>

ਸਹੀ/-

(ਅ.ਸ. ਬਰਾੜ)
ਵਾਈਸ-ਚਾਂਸਲਰ